KING 73 RENO LTD.
FREE ESTIMATES 22 ਸਾਲ ਦਾ ਤਜਰਬਾ
WE DO ALL KIND OF RENOVATION
ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ
*ਫਰੇਮਿੰਗ *ਡਰਾਈਵਾਲ *ਪੇਂਟਿੰਗ *ਟਾਈਲਾਂ *ਸਨਡੈੱਕ ਦੀ ਰਿਪੇਅਰ *ਲੈਮੀਨੇਟ *ਵਾਸ਼ਰੂਮ *ਕਿਚਨ *ਐਕਸਟਰਾ ਰੂਮ ਐਡੀਸ਼ਨ *ਇਲੈਕਟ੍ਰੀਕਲ *ਪਲੰਬਿੰਗ *ਰੂਫਿੰਗ ਦਾ ਕੰਮ
www.king73reno.com
GURDEEP S. GILL
778.896.4555

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜ਼ਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria, Nanaimo, Prince George, Kamloops, Kelowna, Oliver, Squamish
ALBERTA Edmonton, Calgary
ONTARIO Ottawa, Brampton, Toronto
QUEBEC Montreal
USA Greater Seattle, Everett, Marysville, Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 29, Issue No. 45, Ending Date:Nov 11, 2022

WALIA FOREX LTD
ਦੁਨਿਆ ਦੇ ਕਿਸੇ ਵੀ ਕੋਨੇ ਵਿੱਚ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
Send money instantly Worldwide
We also Buy & Sell US Dollars/Euro & Pounds
778-822-8410 #2A-2599 Cedar Park Pl. Abbotsford, BC
778-861-0324 #285-8128-128 St. Surrey, BC

# ਨਸਲਕੁਸ਼ੀ 1984 ਦੇ ਦੁਖਾਂਤ ਨੂੰ ਯਾਦ ਕਰਦਿਆਂ...

# ਕੈਨੇਡਾ 'ਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਸੇਵਾ




ਐਬਟਸਫੋਰਡ (ਡਾ ਗੁਰਵਿੰਦਰ ਸਿੰਘ):ਬੇਹੱਦ ਫ਼ਖ਼ਰ ਵਾਲੀ ਗੱਲ ਹੈ ਕਿ ਕੈਨੇਡਾ ਦੇ ਕੋਨੇ-ਕੋਨੇ 'ਚ ਇਨੀਂ-ਦਿਨੀਂ ਮਾਨਵਵਾਦ ਨੂੰ ਸਮਰਪਿਤ ਮਹਾਨ ਮੁਹਿੰਮ 'ਸਿੱਖ ਕੌਮ ਵੱਲੋਂ ਖ਼ੂਨਦਾਨ' ਜ਼ੋਰਾਂ 'ਤੇ ਹੈ। ਦੇਸ਼ ਦੇ ਹਰੇਕ ਵੱਡੇ ਸ਼ਹਿਰ 'ਚ ਸੈਂਕੜੇ ਸਿੱਖ ਇਸਤਰੀਆਂ ਅਤੇ ਆਦਮੀ ਖ਼ੂਨਦਾਨ ਕਰਕੇ ਲੋਕਾਂ ਦੀਆਂ ਜਾਨਾਂ ਬਚਾ ਰਹੇ ਹਨ।ਕੈਨੇਡੀਅਨ ਬਲੱਡ ਸਰਵਿਸਜ਼ ਵਲੋਂ ਇਸ ਕਾਰਜ ਨੂੰ 'ਦੇਸ਼ 'ਚ ਸਭ ਤੋਂ ਵੱਡੀ ਖ਼ੂਨਦਾਨ ਲਹਿਰ' ਕਰਾਰ ਦਿੰਦਿਆਂ ਸਨਮਾਨਿਤ ਕੀਤਾ ਗਿਆ ਹੈ।ਦਰਅਸਲ ਕੈਨੇਡਾ ਭਰ 'ਚ ਇਹ ਉਪਰਾਲਾ 1999 'ਚ ਅਰੰਭ ਹੋਇਆ ਸੀ ਅਤੇ 31 ਅਕਤੂਬਰ 2022 ਤੱਕ, 1 ਲੱਖ 65 ਹਜ਼ਾਰ ਤੋਂ ਵੱਧ ਜਾਨਾਂ ਸਿੱਖ ਕੌਮ ਵਲੋਂ ਕੀਤੇ ਖ਼ੂਨਦਾਨ ਰਾਹੀਂ ਬਚਾਈਆਂ ਜਾ ਚੁੱਕੀਆਂ ਹਨ।ਵੈਨਕੂਵਰ, ਟਰਾਂਟੋ, ਮਾਂਟਰੀਅਲ, ਐਡਮਿੰਟਨ, ਕੈਲਗਰੀ, ਵਿਨੀਪੈੱਗ, ਸਰੀ, ਐਬਟਸਫੋਰਡ, ਕਲੋਨਾ, ਕੈਮਲੂਪਸ, ਵਿਲੀਅਮਸ ਲੇਕ, ਸਸਕੈਚਵਿਨ, ਵਿਕਟੋਰੀਆ ਅਤੇ ਕੈਨੇਡਾ ਦੀ ਰਾਜਧਾਨੀ ਔਟਵਾ ਤੱਕ ਇਸ ਲਹਿਰ 'ਚ ਲੋਕਾਂ ਨੇ ਬੇਮਿਸਾਲ ਉਤਸ਼ਾਹ ਵਿਖਾਇਆ ਹੈ। (ਬਾਕੀ ਸਫਾ ਬੀ5 ਤੇ ਪੜ੍ਹੋ)

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

BASANT SWEETS & RESTAURANT
TAKE OUT-DINE IN & CATERING
ਮੰਦਰ, ਗੁਰਦੁਆਰਾ ਸਾਹਿਬ ਅਤੇ ਧਾਰਮਿਕ ਸਮਾਗਮ, ਫੰਕਸ਼ਨਾਂ ਲਈ ਵਿਸ਼ੇਸ਼ ਡਿਸਕਾਊਂਟ
ਫੋਨ:604-595-3535
ਬਲਰਾਮ ਬੱਲੀ:604-862-1733
#402-8148 128 St. Surrey (Payal Business Cenre)

BM Elite Renovations Ltd.
ਅਸੀਂ ਹਰ ਤਰਾਂ ਦੀ ਰੈਨੋਵੇਸ਼ਨ ਕਰਦੇ ਹਾਂ
- ਹਾਰਡਵੁੱਡ
- ਲੈਮੀਨੇਟ
- ਟਾਈਲਾਂ
- ਪੇਂਟਿੰਗ
- ਕਿਚਨ ਕੈਬਿਨੇਟਸ
- ਫ੍ਰੇਮਿੰਗ
- ਸਟੋਨ ਵਰਕ
- ਡਰਾਈਵਾਲ ਫਿਨਿਸ਼ਿੰਗ
ਨਵੀਂ ਬੇਸਮੈਂਟ ਅਤੇ ਬਾਥਰੂਮ ਐਕਸਟੈਂਸ਼ਨ
Call at 604-791-3933
BMeliterenovation@outlook.com

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

SUPER VISA INSURANCE
- BEST RATES GUARANTEED
- FULL REFUND IF VISA DENIED
- PARTIAL REFUND IF PARENTS LEAVE EARLY
- MORTGAGE INSURANCE
CALL SUPER VISA SPECIALIST
SANDEEP AHUJA CHS
604-996-6862
Surrey & Abbotsford

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਫੋਨ ਮਿਲਾਓ
604-825-2222

Universal Auto Collision Ltd.
- ICBC Claims / ਆਈ. ਸੀ. ਬੀ. ਸੀ. ਕਲੇਮਜ਼
- Private Claims / ਪ੍ਰਾਈਵੇਟ ਕਲੇਮਜ਼
- Free Courtesy Cars / ਫਰੀ ਕਰਟਸੀ ਕਾਰ
- Auto Glass Replacement / ਆਟੋ ਗਲਾਸ ਰਿਪਲੇਸਮੈਂਟ
- Free Estimates / ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee
#1, 7680-134th Street, Surrey, BC V3W 7T8

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
BESTWAY Foreign Exchange Ltd.
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
- ਘਰਾਂ ਦੀ ਮੌਰਟਗੇਜ
- ਸੈਕਿੰਡ ਮੌਰਟਗੇਜ
- ਕੌਂਸਟ੍ਰਕਸ਼ਨ
- ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8

BEST DEAL TRAVEL INC.
SPECIAL FARE TO INDIA
LICENSE # BCCP 79578
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

HARVY JAWANDA
PERSONAL REAL ESTATE CORPORATION
604.655.7776
YOUR SURREY REALTOR
YOURSURREYREALTOR.COM

# FARM AND SPICE

Open 7 Days a Week
8.30 am to 9.00 pm

## SPECIAL OFFERS : 04 - 10 Nov

Daily Specials on

ਕੀਨੂੰ
**Mandarins** 99¢ /lb

ਨਿੰਬੂ
**3 Lemons** 99¢ 3 pc

ਐਂਬ੍ਰੋਸੀਆ ਸੇਬ
**Ambrosia BC Apple** $1.29 /lb

ਐਂਬ੍ਰੋਸੀਆ ਸੇਬ
**GALA BC Apple** $1.29 /lb

ਆਵੋਕਾਡੋ
**Avocado** 99¢ each

ਕਲਰਡ ਪੈਪਰ
**Coloured Pepper** 99¢ /lb

ਪੀਅਰਜ਼
**Pears** $1.49 /lb

ਹਰੇ ਅੰਗੂਰ
**Green Grapes** $2.49 /lb

ਅਨਾਰ
**Pomegranate** $2.49 each

ਜੰਬੋ ਬੈਂਗਣ
**Eggplant** Jumbo $1.99 each

ਇੰਡੀਅਨ ਬੈਂਗਣ
**Eggplant** Indian $1.99 /lb

ਘੀਆ
**Oppo Long** $1.99 /lb

ਪਾਈਨਐਪਲ
**Pine Apple** $2.99 each

ਲਸਣ
**Garlic** 1kg Pack $3.99 each 1kg

ਨਿਊਟ੍ਰੈਲਾ ਸੋਯਾ
**Nutrela** Soya Chunks Mini Chunks $1.99 each 200g

ਏ-ਪਲਸ ਸੋਯਾ
**Aplus** Soya Chunks/ Mini Chunks $1.99 each 200g

ਬਦਾਮ
**Almonds** Supreme Quality $4.49 /lb

ਦੇਸੀ ਨਮਕ
**Desi** Pink Salt $2.99 each 1kg

ਸ਼ਾਨ ਅਚਾਰ
**Shan Pickles** Mango/Chilli/Mixed Pickle Lemon/Hyderabidi Mix $3.99 each 1kg

ਬੀ ਸੀ ਮਿਕਸ ਨਮਕੀਨ
**BC Asst. Snacks** $2.99 each 320g

ਬਿਕਾਨੋ ਰੱਸ
**Bikano** Suji Rusk $4.99 each 560g

ਬ੍ਰਿਟੈਨੀਆ ਰੱਸ
**Britannia** Milk Rusk $4.99 each 560g

ਖਜੂਰਾਂ
**Dates deglet** Nout pitted $5.99 each 850g

ਟਾਟਾ ਚਾਹ
**Tata** Tea Premium $8.99 each 220 bags

ਸ਼ੇਰ ਚਾਵਲ
**Sher** Select Basmati Rice $10.99 each 10kg

ਏ+ਪਲਸ ਤੇਲ
**A+Plus** Mustard Oil $10.99 each 2ltr

ਏ+ਪਲਸ ਤੇਲ
**A+Plus** Mustard Oil $26.99 each 5ltr



**PUNJABI FLAVOURED KULFI ALSO AVAILABLE**

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

Curbside pick up available

*while supply last

# LIQUOR discounter

Friday Oct 14, 2022 until Sunday Nov 06, 2022

$97.99 JOHNNIE WALKER BLACK LABEL 1.75L

$49.99 SMIRNOFF VODKA 1.75L

$48.79 KAHLUA 1.75L

$52.99 TERAMANA REPOSADO 750ML

$49.99 TERAMANA BLANCO 750ML

$45.99 GREY GOOSE 750ML

$45.99 CIROC MANGO APPLE 750ML

$36.99 1.14L ABSOLUT VODKA $23.99 750ML

$35.99 1.14L WISERS DELUXE $23.99 750ML

$33.99 JAMESON 750ML

$31.99 JAGERMEISTER 750ML

$25.99 CROWN ROYAL 750ML

$25.99 PINK WHITNEY 750ML

$25.99 CAPTAIN MORGAN SPICED 750ML

$24.99 DEWARS 750ML

$23.99 STOLICHNAYA VODKA 750ML

$48.79 1.75L BACARDI $20.99 750ML

$20.99 FIREBALL 750ML

## BELOW Government Store Prices!

$38.99 JACKSON TRIGGS CAB SAUV SAUV BLANC 4L

$35.99 SAWMILL CREEK CHARDONNAY SAUV BLANC 4L

$17.99 TOM GORE CAB SAUV 750ML

$17.99 OYSTER BAY SAUV BLANC 750ML

$14.99 COPPER MOON MALBEC PINOT GRIGIO 1.5L

$14.49 FRONTERA CAB SAUV SAUV BLANC 1.5L

$13.49 YELLOW TAIL BUBBLES PINK BUBBLES 750ML

$11.99 MASI MODELO MERLOT 750ML

$10.99 JACOBS CREEK MOSCATO 750ML

$9.49 JACKSON TRIGGS MERLOT 750ML

$9.49 BAREFOOT PINOT GRIGIO 750ML

## SHOP & SAVE Rewards Program

See in-store for details

$5.99 BABY CANADIAN 750ML

$39.99 MICHELOB ULTRA 24 CANS

$37.99 BUDWEISER 24 CANS

$32.99 PABST 24 CANS

$26.99 HEINEKEN 12 BOTTLES OR 12 CANS

$25.99 MODELO 12 BOTTLES

$25.99 MILLER GENUINE DRAFT 15 CANS

$25.99 STELLA ARTOIS 12 BOTTLES OR 12 CANS

$23.99 SLEEMANS CLEAR 2.0 15 CANS

$19.99 OLD MILWAUKEE 15 CANS

$19.79 STEAMWORKS MASHUP HOPPY 8 CANS

$22.49 ARIZONA HARD ICED TEA SELTZER 12 CANS

$21.99 HEY'YALL PORCH PACK 12 CANS

$12.99 WHITE CLAW WATERMELON RASPBERRY 6 CANS

## PRICE BEAT GUARANTEE!

$9.99 OKANAGAN CRISP APPLE 2L

8473 - 120 Street, Delta
604.592.2599

14357 - 104 Ave, Surrey
778.293.1964

LiquorDiscounter.ca

follow us on facebook

Prices exclude tax and deposits and are subject to change without notice.

# ਹਿੰਦੂ ਦੇਵੀ ਦੇਵਤੇ ਸਰਕਾਰੀ ਨੋਟਾਂ ਉਤੇ ਕੀ ਕੱਲ੍ਹ ਦੇ ਭਾਰਤ ਦਾ 'ਸੈਕੂਲਰਿਜ਼ਮ' ਇਹੀ ਵੇਖਣ ਨੂੰ ਮਿਲੇਗਾ?

ਕੀ ਭਾਰਤ ਦੀ ਆਰਥਕ ਮੰਦਹਾਲੀ ਦਾ ਹੱਲ ਧਰਮ ਕੋਲ ਹੈ? ਅਰਵਿੰਦ ਕੇਜਰੀਵਾਲ ਵਲੋਂ ਸੁਝਾਅ ਦਿਤਾ ਗਿਆ ਹੈ ਕਿ ਹੁਣ ਨੋਟਾਂ ਉਤੇ ਇਕ ਪਾਸੇ ਮਹਾਤਮਾ ਗਾਂਧੀ ਦੀ ਤੇ ਦੂਜੇ ਪਾਸੇ ਦੇਵੀ ਲਕਸ਼ਮੀ ਦੀ ਤਸਵੀਰ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕੰਮ ਕਰਨ ਦੇ ਨਾਲ ਨਾਲ, ਸਫ਼ਲਤਾ ਲਈ ਆਸਥਾ ਵੀ ਜ਼ਰੂਰੀ ਹੈ। ਇਸ ਸੁਝਾਅ ਪਿਛੇ ਗੁਜਰਾਤ ਦੀਆਂ ਚੋਣਾਂ ਅਪਣਾ ਜਲਵਾ ਵਿਖਾ ਰਹੀਆਂ ਲਗਦੀਆਂ ਹਨ ਜਿਥੇ ਹੁਣ ਵੋਟਰ ਸਾਹਮਣੇ ਕੇਵਲ ਇਹ ਸਿੱਧ ਕਰਨ ਦੀ ਲੋੜ ਹੈ ਕਿ ਸੱਭ ਤੋਂ ਵੱਡਾ ਹਿੰਦੂ ਕੌਣ ਹੈ। ਪਰ ਕੀ 'ਆਪ' ਪਾਰਟੀ ਅਪਣੇ ਆਪ ਨੂੰ ਸੱਭ ਤੋਂ ਵੱਡੀ ਹਿੰਦੂ ਪੱਖੀ ਪਾਰਟੀ ਸਾਬਤ ਕਰ ਸਕਦੀ ਹੈ?ਉਨ੍ਹਾਂ ਦਾ ਮੁਕਾਬਲਾ ਗੁਜਰਾਤ ਦੇ 'ਨਮੋ' ਨਾਲ ਹੈ ਜਿਸ ਨੇ ਹਿੰਦੂ ਧਰਮ ਦੀ ਛਵੀ ਅਪਣੇ ਆਪ ਅੰਦਰ ਮੁੰਦਰੀ ਵਿਚ ਜੜੇ ਹੀਰੇ ਵਾਂਗ ਜੜ ਲਈ ਹੈ। ਨਰਿੰਦਰ ਮੋਦੀ ਦੇ ਨਾਮ ਤੇ ਮੰਦਰ ਬਣ ਚੁੱਕੇ ਹਨ ਤੇ ਉਨ੍ਹਾਂ ਦੇ ਨਾਮ ਤੇ ਆਰਤੀਆਂ ਤੇ ਹਵਨ ਹੁੰਦੇ ਹਨ। ਉਨ੍ਹਾਂ ਦੇ ਜਨਮ ਦਿਨ ਤੇ ਇਸ ਵਾਰ ਜਿਸ ਤਰ੍ਹਾਂ ਦੇ ਜਸ਼ਨ ਹੋਏ ਸਨ, ਉਨ੍ਹਾਂ ਦੇ ਅਸਰ ਤੋਂ ਲੋਕ ਮਨਾਂ ਨੂੰ ਮੁਕਤ ਕਰਨਾ ਆਸਾਨ ਨਹੀਂ। ਉਨ੍ਹਾਂ ਨੂੰ ਹੁਣ ਹਿੰਦੂ ਧਰਮ ਦਾ ਰਾਖਾ ਮੰਨਿਆ ਜਾਂਦਾ ਹੈ ਜਿਸ ਨੇ ਮੁਗ਼ਲ ਰਾਜ ਦਾ ਬਦਲਾ ਲਿਆ ਹੈ। ਜਿਥੇ ਕਲ ਬਾਬਰੀ ਮਸਜਿਦ ਹੁੰਦੀ ਸੀ, ਉਥੇ ਅੱਜ ਸ਼ਾਨ ਨਾਲ ਰਾਮ ਮੰਦਰ ਬਣ ਰਿਹਾ ਹੈ ਅਤੇ ਇਹ ਸਿਰਫ਼ ਨਰਿੰਦਰ ਮੋਦੀ ਸਦਕੇ ਹੀ ਹੋਇਆ ਹੈ।

ਇਸ ਸਾਰੀ ਪ੍ਰਾਪਤੀ ਨੂੰ ਹਿੰਦੂ ਮਨਾਂ ਵਿਚੋਂ ਕੱਢਣ ਵਾਸਤੇ 'ਆਪ' ਜਿਹੜਾ 'ਹਿੰਦੂਤਵਾ' ਪੇਸ਼ ਰਹੀ ਹੈ, ਉਸ ਨਾਲ ਭਾਜਪਾ ਨੂੰ ਖ਼ਰਾਸ਼ ਤਕ ਵੀ ਨਹੀਂ ਆਈ। ਪਰ ਇਸ ਨਾਲ 'ਆਪ' ਦੇ ਸ਼ਾਸਨ ਦੀ ਛਵੀ ਨੂੰ ਜ਼ਰੂਰ ਸੱਟ ਲੱਗੇਗੀ ਕਿਉਂਕਿ ਜੋ ਲੋਕ 'ਆਪ' ਪਾਰਟੀ ਤੋਂ ਧਰਮ ਨਿਰਪੱਖ ਰਾਜਨੀਤੀ ਦੀ ਆਸ ਰੱਖ ਰਹੇ ਸਨ, ਉਹ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਨਿਰਾਸ਼ ਹੋ ਰਹੇ ਹਨ। ਜਦ ਉਹ ਹਿੰਦੂ ਧਰਮ ਦੇ ਦੇਵੀ ਦੇਵਤਿਆਂ ਨੂੰ ਨੋਟਾਂ ਉਤੇ ਸਜਾਉਣ ਦੀ ਗੱਲ ਕਰਨਗੇ, ਫਿਰ ਘੱਟ ਗਿਣਤੀ ਵਾਲੇ ਵੀ ਸਵਾਲ ਪੁਛਣਗੇ ਕਿ ਤੁਸੀ ਸਾਡੇ ਮਹਾਂਪੁਰਸ਼ਾਂ ਪ੍ਰਤੀ ਕੀ ਵਿਚਾਰ ਰਖਦੇ ਹੋ?'ਆਪ' ਇਸ ਸਮੇਂ ਪੰਜਾਬ ਵਿਚ ਸਰਕਾਰ ਚਲਾ ਰਹੀ ਹੈ ਤੇ ਪੰਜਾਬ ਇਕ ਸਿੱਖ ਸੂਬਾ ਹੈ। ਜਦ 'ਆਪ' ਪਾਰਟੀ ਦੇ ਸਿੱਖ ਚਿਹਰੇ ਧਰਮ ਦੀ ਸਿਆਸਤ ਵਿਚ ਭਾਰਤ ਨੂੰ ਹਿੰਦੂ ਦੇਸ਼ ਮੰਨਣਗੇ ਤਾਂ ਪੰਜਾਬ ਵਿਚ ਉਨ੍ਹਾਂ ਦੀਆਂ ਮੁਸੀਬਤਾਂ ਵੱਧ ਜਾਣਗੀਆਂ। 'ਆਪ' ਇਕ ਪੜ੍ਹੇ ਲਿਖੇ ਨੌਜਵਾਨ ਵਰਗ ਦੀ ਪਾਰਟੀ ਹੈ ਜਿਸ ਤੋਂ ਆਸ ਰੱਖੀ ਜਾਂਦੀ ਹੈ ਕਿ ਉਹ ਆਰਥਕਤਾ ਵਿਚ ਆਏ ਨਿਘਾਰ ਦਾ ਹੱਲ ਕੱਢੇ।

'ਆਪ' ਤੇ ਭਾਜਪਾ ਦੇ ਟਕਰਾਅ ਵਿਚ ਕਾਂਗਰਸੀ ਐਮ.ਪੀ. ਮਨੀਸ਼ ਤਿਵਾੜੀ ਨੇ ਸੁਝਾਅ ਦਿਤਾ ਹੈ ਕਿ ਕਿਉਂ ਨਾ ਬਾਬਾ ਸਾਹਿਬ ਅੰਬੇਦਕਰ ਦੀ ਤਸਵੀਰ ਦਫ਼ਤਰਾਂ ਵਿਚ ਲਗਾਈ ਜਾਵੇ ਜੋ ਕਿ ਅਹਿੰਸਾ ਤੇ ਸੰਵਿਧਾਨ ਦੇ ਅਲੰਬਰਦਾਰ ਸਨ।ਪਰ ਅਫ਼ਸੋਸ ਇਹ ਅੱਜ ਦੇ ਭਾਰਤ ਦੀ ਸੋਚ ਨਹੀਂ ਹੈ। ਅੱਜ ਭਾਰਤ ਦੇ ਸੰਵਿਧਾਨ ਨੂੰ ਸੋਚ ਜਾਂ ਕਰਮ ਵਿਚ ਬਿਲਕੁਲ ਵੀ ਅਪਣਾਇਆ ਨਹੀਂ ਜਾਂਦਾ। ਸਾਡਾ ਸੰਵਿਧਾਨ ਕਿਸੇ ਧਰਮ ਦੀ ਗੱਲ ਨਹੀਂ ਕਰਦਾ ਤੇ ਇਹ ਇਕ ਸੋਚਿਆ ਸਮਝਿਆ ਤੇ ਵਿਚਾਰਿਆ ਫ਼ੈਸਲਾ ਸੀ ਕਿ ਭਾਰਤੀ ਸੰਵਿਧਾਨ ਧਰਮ ਨਿਰਪੱਖਤਾ ਦੇ ਰਾਹ ਦਾ ਰਾਹੀ ਬਣੇਗਾ।ਪਰ ਅੱਜ ਨਾ ਤਾਂ ਧਰਮ ਨਿਰਪੱਖਤਾ ਹੀ ਬੱਚ ਸਕੀ ਹੈ ਤੇ ਨਾ ਹੀ ਅਹਿੰਸਾ। ਸਾਡੇ ਸਿਆਸਤਦਾਨ ਸਿਆਸੀ ਮੰਚਾਂ ਤੋਂ ਜਦ ਖੁਲੇਆਮ ਹਿੰਸਾ ਤੇ ਨਫ਼ਰਤ ਦਾ ਪ੍ਰਚਾਰ ਕਰਦੇ ਹਨ ਤਾਂ ਫਿਰ ਅਸੀ ਹੁਣ ਅਪਣੇ ਆਪ ਨੂੰ ਅਹਿੰਸਾ ਦੇ ਸੱਚੇ ਪ੍ਰਚਾਰਕਾਂ ਦੇ ਵਾਰਸ ਨਹੀਂ ਅਖਵਾ ਸਕਦੇ। ਪਰ ਸਵਾਲ ਇਹੀ ਹੈ ਕਿ ਜੇ ਹੁਣ ਸਾਰੀਆਂ ਪਾਰਟੀਆਂ ਦੇ ਸਿੱਖ ਆਗੂ ਵੀ ਹਿੰਦੂ ਧਰਮ ਦੇ ਪ੍ਰਚਾਰਕ ਬਣ ਰਹੇ ਹਨ ਤਾਂ ਫਿਰ ਘੱਟ ਗਿਣਤੀਆਂ ਦੇ ਆਗੂ ਕਿੱਥੋਂ ਲੱਭਣਗੇ?

-ਨਿਮਰਤ ਕੌਰ

# ਦੇਸ਼ਧ੍ਰੋਹ ਕਾਨੂੰਨ 'ਤੇ ਰੋਕ ਲਾਉਣ ਵਾਲਾ ਆਦੇਸ਼ ਰਹੇਗਾ ਬਰਕਰਾਰ

ਨਵੀਂ ਦਿੱਲੀ:-ਵਿਵਾਦਿਤ ਦੇਸ਼ਧ੍ਰੋਹ ਕਾਨੂੰਨ ਅਤੇ ਇਸ ਤਹਿਤ ਦਰਜ ਕੇਸਾਂ 'ਤੇ ਅਸਥਾਈ ਰੋਕ ਲਾਉਣ ਵਾਲਾ ਆਦੇਸ਼ ਬਰਕਰਾਰ ਰਹੇਗਾ।ਸੁਪਰੀਮ ਕੋਰਟ ਨੇ ਕੇਂਦਰ ਨੂੰ ਬਸਤੀਵਾਦੀ ਕਾਲ ਦੀ ਇਸ ਧਾਰਾ ਦੀ ਸਮੀਖਿਆ ਕਰਨ ਲਈ 'ਢੁਕਵਾਂ ਕਦਮ' ਉਠਾਉਣ ਲਈ ਅੱਜ ਅੰਤਰਿਮ ਸਮਾਂ ਦੇ ਦਿੱਤਾ। ਚੀਫ ਜਸਟਿਸ ਉਦੈ ਉਮੇਸ਼ ਲਲਿਤ ਅਤੇ ਜਸਟਿਸ ਐੱਸ. ਰਵਿੰਦਰ ਭੱਟ ਅਤੇ ਬੇਲਾ ਐੱਮ. ਤ੍ਰਿਵੇਦੀ ਦੀ ਬੈਂਚ ਨੂੰ ਅਟਾਰਨੀ ਜਨਰਲ ਆਰ. ਵੈਂਕਟਰਮਾਨੀ ਨੇ ਕਿਹਾ ਕਿ ਕੇਂਦਰ ਨੂੰ ਕੁੱਝ ਹੋਰ ਸਮਾਂ ਦਿੱਤਾ ਜਾਵੇ ਕਿਉਂਕਿ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ (ਇਸ ਮਾਮਲੇ ਵਿੱਚ) ਕੁੱਝ ਹੋ ਸਕਦਾ ਹੈ।ਬੈਂਚ ਨੇ ਵਿਸ਼ੇ 'ਤੇ ਦਾਇਰ ਕੁੱਝ ਹੋਰ ਪਟੀਸ਼ਨਾਂ 'ਤੇ ਵੀ ਗੌਰ ਕੀਤਾ ਅਤੇ ਕੇਂਦਰ ਨੂੰ ਨੋਟਿਸ ਜਾਰੀ ਕਰ ਕੇ ਛੇ ਹਫਤਿਆਂ ਵਿੱਚ ਜਵਾਬ ਮੰਗਿਆ।


Charlesworth
insurance services ltd.

Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer

autoplan

"For Fast, Friendly and Reliable Service!"



Phone:
604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।




Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



www.accuraterailing.com

AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# (ਮੁੱਖ ਪੰਨੇ ਦੀ ਬਾਕੀ)

ਸੰਸਾਰ ਪੱਧਰ 'ਤੇ ਕੌਮੀ ਅਕਸ ਮਹਾਨ ਰੂਪ 'ਚ ਉਜਾਗਰ ਕਰਨ ਲਈ ਜਿਥੇ ਇਹ ਉਪਰਾਲਾ ਇਤਿਹਾਸਕ ਹੈ, ਉਥੇ 38 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਦੀ ਪੀੜਾ ਨੂੰ ਵੀ ਸੰਸਾਰ ਸਾਹਮਣੇ ਰੱਖਣ ਦਾ ਬਿਹਤਰੀਨ ਤਰੀਕਾ ਹੈ। ਖ਼ੂਨ ਡੋਲ੍ਹ ਕੇ ਅਤੇ ਜਾਨਾਂ ਲੈ ਕੇ ਜ਼ੁਲਮ ਕਰਨ ਵਾਲਿਆਂ ਦੀ ਕੋਹਜ਼ੀ ਅਸਲੀਅਤ ਦੁਨੀਆ ਅੱਗੇ ਰੱਖਣ ਦਾ ਇਸ ਤੋਂ ਬਿਹਤਰੀਨ ਢੰਗ ਕੀ ਹੋ ਸਕਦਾ ਹੈ ਕਿ ਨਸਲਕੁਸ਼ੀ ਦੀ ਪੀੜ੍ਹਤ ਸਿੱਖ ਕੌਮ ਨਾਲ ਸਬੰਧਤ ਲੋਕ, ਅੱਜ ਵੀ ਜਦੋ-ਜਹਿਦ ਕਰਦੇ ਖ਼ੂਨਦਾਨ ਦੇ ਕੇ ਲੱਖਾਂ ਜਾਨਾਂ ਬਚਾ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਖ਼ੂਨਦਾਨ ਲਹਿਰ ਵਜੋਂ ਮਾਨਤਾ ਦਿੱਤੀ ਗਈ ਹੈ, ਜੋ ਕਿ ਇਤਿਹਾਸਕ ਕਾਰਜ ਹੈ। ਪਰ ਇੰਡੀਅਨ ਫਾਸ਼ੀਵਾਦੀ ਸਟੇਟ ਦੇ ਪ੍ਰਭਾਵ ਕਾਰਨ ਇੱਥੇ ਇਸ ਗੱਲ ਦੀ ਘਾਟ ਜ਼ਰੂਰ ਮਹਿਸੂਸ ਹੋਈ ਹੈ ਕਿ ਇਸ ਖ਼ੂਨਦਾਨ ਮੁਹਿੰਮ ਦਾ ਅਸਲ ਕਾਰਨ, ਜੋ ਕਿ ਸਿੱਖ ਨਸਲਕੁਸ਼ੀ ਦਾ ਦੁਖਾਂਤ ਹੈ, ਉਸ ਬਾਰੇ ਸਰਕਾਰੀ ਐਲਾਨਨਾਮੇ 'ਚ ਪੂਰੀ ਤਰ੍ਹਾਂ ਖਾਮੋਸ਼ੀ ਹੈ । ਇਹ ਸਿੱਖ ਨਸਲਕੁਸ਼ੀ ਦੀ ਪੀੜ੍ਹਤ ਸਮੁੱਚੀ ਸਿੱਖ ਕੌਮ ਲਈ ਰੜਕਦਾ ਹੈ।ਨਵੰਬਰ ਚੌਰਾਸੀ ਦੇ ਸਿੱਖ ਕਤਲੇਆਮ ਦੇ ਦੁਖਾਂਤ ਨੂੰ ਸੰਸਾਰ ਸਾਹਮਣੇ ਉਜਾਗਰ ਕਰਨ ਲਈ ਹੀ ਸਿੱਖ ਕੌਮ ਵੱਲੋਂ ਖ਼ੂਨਦਾਨ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਇਸੇ ਕਰਕੇ ਹੀ ਲੱਖਾਂ ਜਾਨਾਂ ਬਚਾਈਆਂ ਗਈਆਂ ਹਨ। ਕੈਨੇਡੀਅਨ ਲੋਕ ਜਦੋਂ ਦੇਸ਼ 'ਚ ਥਾਂ-ਥਾਂ 'ਤੇ ਲੱਗੇ ਖ਼ੂਨਦਾਨ ਕੈਂਪਾਂ 'ਚ ਸਿੱਖਾਂ ਦੇ ਵਲੰਟੀਅਰ ਪਰਿਵਾਰਾਂ, ਯੂਨੀਵਰਸਿਟੀ 'ਚ ਪੜ੍ਹਦੇ ਨੌਜਵਾਨ ਲੜਕੇ-ਲੜਕੀਆਂ ਅਤੇ ਬੁੱਧੀਜੀਵੀਆਂ ਤੋਂ ਏਨੇ ਵੱਡੇ ਹੁੰਗਾਰੇ ਦਾ ਕਾਰਨ ਪੁੱਛਦੇ ਹਨ, ਤਾਂ ਸਭ ਨੂੰ ਇੱਕੋ ਹੀ ਜਵਾਬ ਮਿਲਦਾ ਹੈ ਕਿ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਖ਼ੂਨ ਲੈਣ 'ਚ ਨਹੀਂ, ਖ਼ੂਨ ਦੇਣ 'ਚ ਵਿਸ਼ਵਾਸ ਰੱਖਦੀ ਹੈ। ਇਸ ਲਹਿਰ ਨੇ ਕੈਨੇਡਾ ਭਰ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਿਸ ਦੌਰਾਨ ਸਿੱਖਾਂ ਨੇ ਵੱਡੀ ਗਿਣਤੀ 'ਚ ਖ਼ੂਨਦਾਨ ਕਰਦਿਆਂ ਨਾ ਸਿਰਫ਼ ਜਾਨਾਂ ਹੀ ਬਚਾਈਆਂ ਹਨ, ਸਗੋਂ ਭਾਈ ਘਨ੍ਹਾਈਆ ਅਤੇ ਭਗਤ ਪੂਰਨ ਸਿੰਘ ਦੇ ਮਾਨਵੀ ਸੇਵਾ ਦੇ ਸੁਨੇਹੇ ਨੂੰ ਹੋਰਨਾਂ ਕੌਮਾਂ ਤੱਕ ਵੀ ਪਹੁੰਚਾਇਆ ਹੈ। ਅਜਿਹੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਦੌਰਾਨ ਜਿੱਥੇ ਵੀ ਮਨੁੱਖਤਾ ਨੂੰ ਖ਼ੂਨ ਦੀ ਲੋੜ ਪਈ, ਤਾਂ ਸਿੱਖ ਕੌਮ ਨੇ ਸਭ ਤੋਂ ਅੱਗੇ ਹੋ ਕੇ ਹੱਦਾਂ-ਸਰਹੱਦਾਂ, ਰੰਗ-ਨਸਲ, ਜਾਤ- ਫ਼ਿਰਕੇ ਨੂੰ ਇਕ ਪਾਸੇ ਰੱਖਦਿਆਂ ਖ਼ੂਨਦਾਨ ਦੀ ਲਹਿਰ ਚਲਾਉਂਦਿਆਂ ਹੋਇਆਂ ਅਣਗਿਣਤ ਜਾਨਾਂ ਬਚਾਈਆਂ।ਕੈਨੇਡਾ ਦੇ ਕਈ ਹਾਈਵੇਅ ਅਤੇ ਰਾਸ਼ਟਰੀ ਮਾਰਗਾਂ 'ਤੇ ਨਵੰਬਰ ਮਹੀਨੇ ਖ਼ੂਨਦਾਨ ਕਰਕੇ ਜਾਨਾਂ ਬਚਾਉਣ ਦਾ ਸੁਨੇਹਾ ਦੇਣ ਦੀ ਪਿਰਤ ਕਾਫ਼ੀ ਸਮੇਂ ਤੋਂ ਜਾਰੀ ਹੈ। ਇਸ ਉਪਰਾਲੇ ਦਾ ਜ਼ਿਕਰ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੱਕ, ਮਨੁੱਖੀ ਹੱਕਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧ ਅਕਸਰ ਕਰਦੇ ਹਨ। ਅੱਜ ਇਹ ਅਤਕਥਨੀ ਨਹੀਂ ਕਿ ਕੈਨੇਡਾ ਤੋਂ ਅਰੰਭ ਹੋਏ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ ਕੌਮਾਂਤਰੀ ਮੰਚ ਤੇ ਮਹਾਂ-ਦੁਖਾਂਤ ਦੇ ਰੂਪ ਵਿੱਚ ਪੇਸ਼ ਕਰਨ ਵਾਲੀ ਖ਼ੂਨਦਾਨ ਲਹਿਰ ਅਸਟ੍ਰੇਲੀਆ, ਅਮਰੀਕਾ, ਫਰਾਂਸ, ਇੰਗਲੈਂਡ ਅਤੇ ਦੁਨੀਆ ਦੇ ਕਰੀਬ 122 ਦੇਸ਼ਾਂ 'ਚ ਫੈਲ ਚੁੱਕੀ ਹੈ। ਉਹ ਦਿਨ ਦੂਰ ਨਹੀਂ ਜਦੋਂ ਯੂਨਾਇਟਡ ਨੇਸ਼ਨ 'ਚ ਮਨੁੱਖੀ ਅਧਿਕਾਰਾਂ ਲਈ ਸਮਰਪਿਤ ਕਾਰਜਾਂ ਦੀ ਸੂਚੀ 'ਚ ਸਿੱਖ ਕੌਮ ਦੀ ਖ਼ੂਨਦਾਨ ਲਹਿਰ ਦਾ ਜ਼ਿਕਰਯੋਗ ਥਾਂ ਹੋਵੇਗਾ। ਇਸ ਸਬੰਧੀ ਜਦੋਂ ਵੀ ਸਯੰਕਤ ਰਾਸ਼ਟਰ 'ਚ ਮਾਨਵਵਾਦੀ ਸੇਵਾ ਦੇ ਮਹਾਨ ਕਾਰਜ ਦੀ ਗੱਲ ਤੁਰੇਗੀ, ਉਦੋਂ ਹੀ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲਿਆਂ ਨੂੰ ਲਾਹਣਤਾਂ ਵੀ ਪਾਈਆਂ ਜਾਣਗੀਆਂ ਅਤੇ 38 ਸਾਲਾਂ ਮਗਰੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦੇਣ ਲਈ ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੂੰ ਸ਼ਰਮਸਾਰ ਹੋਣਾ ਪਵੇਗਾ।ਸਿਤਮਜ਼ਰੀਫੀ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਕਤਲੇਆਮ ਦੀ ਕਾਂਗਰਸ ਆਗੂ ਤੇ ਦੇਸ਼ ਦਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਡੇ ਦਰਖਤ ਦੇ ਡਿਗਣ 'ਤੇ ਧਰਤੀ ਕੰਬਣ ਨਾਲ ਤੁਲਣਾ ਕਰ ਰਿਹਾ ਹੋਵੇ। ਦੂਸਰੇ ਪਾਸੇ ਦੇਸ਼ ਦੀ ਫਿਰਕੂ ਜਥੇਬੰਦੀ ਆਰਐਸਐਸ ਦਾ ਵੱਡਾ ਆਗੂ ਨਾਨਾ ਜੀ ਦੇਸ਼ਮੁੱਖ ਸਿੱਖ ਕਤਲੇਆਮ ਦੇ ਦੋਸ਼ ਸਿੱਖਾਂ ਦੇ ਹੀ ਸਿਰ ਮੜ੍ਹਦਾ ਹੋਇਆ ਸਿੱਖ ਕੌਮ ਨੂੰ 'ਸਬਕ ਲੈਣ' ਦੀ ਨਸੀਹਤ ਦੇ ਰਿਹਾ ਹੋਵੇ ਅਤੇ ਅਜਿਹੀ ਨਸਲਕੁਸ਼ੀ ਨੂੰ ਆਪਣੀ ਸੌੜੀ ਸੋਚ ਅਧੀਨ ਜਾਇਜ਼ ਠਹਿਰਾ ਰਿਹਾ ਹੋਵੇ। ਜੇਕਰ ਅਜਿਹੇ ਲੋਕ 'ਭਾਰਤ ਰਤਨ' ਵਰਗੇ ਦੇਸ਼ ਦੇ ਸਭ ਤੋਂ ਵੱਡੇ ਅਖੌਤੀ ਪੁਰਸਕਾਰਾਂ ਨਾਲ ਸਨਮਾਨੇ ਜਾਂਦੇ ਹਨ, ਤਾਂ ਫਿਰ ਸਭ ਤੋਂ ਵੱਧ ਫਾਂਸੀ ਚੜ੍ਹਨ ਵਾਲੇ,ਕਾਲੇਪਾਣੀ ਦੀਆਂ ਸਜ਼ਾ ਕੱਟਣ ਵਾਲੇ, ਉਮਰ ਕੈਦਾਂ ਭੋਗਣ ਵਾਲੇ ਅਤੇ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਿੱਖ ਅਤੇ ਸੱਚੇ ਸੁੱਚੇ ਸੂਰਬੀਰ ਤਾਂ 'ਦੇਸ਼ ਧਰੋਹੀ' ਹੀ ਕਹੇ ਜਾ ਸਕਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਾਮ 'ਚ ਸਾਰੇ ਹੀ ਨੰਗੇ ਹਨ।

ਜੇਕਰ ਕਾਂਗਰਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਲਾਸ਼ੇਰੀ ਦਿੱਤੀ। ਜੇ ਕਾਂਗਰਸ ਦੇ ਰਾਜ 'ਚ ਸਿੱਖ ਕਤਲੇਆਮ ਹੋਇਆ, ਤਾਂ ਭਾਜਪਾ ਦੇ ਰਾਜ 'ਚ ਮੁਸਲਿਮ ਵਿਰੋਧੀ ਕਤਲੇਆਮ ਹੋਇਆ। ਕੈਨੇਡਾ ਦੀ ਧਰਤੀ 'ਤੇ ਖ਼ੂਨਦਾਨ ਦੀ ਮੁਹਿੰਮ ਚਲਾਉਣ ਵਾਲੀ ਮਹਾਨ ਵਿਚਾਰਧਾਰਾ ਉਕਤ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਦ੍ਰਿੜ ਹੈ। ਇੱਕ ਦਿਨ ਜ਼ਰੂਰ ਆਵੇਗਾ, ਜਦੋਂ ਕੌਮਾਂਤਰੀ ਭਾਈਚਾਰਾ ਇਨਸਾਫ਼ ਲਈ 'ਹਾਅ ਦਾ ਨਾਅਰਾ' ਮਾਰੇਗਾ। ਅੱਜ ਲੋੜ ਇਸ ਗੱਲ ਦੀ ਹੈ ਕਿ ਕੌਮ ਦੇ ਚਿੰਤਕ ਅਤੇ ਵਿਦਵਾਨ ਆਪਣਾ ਫਰਜ਼ ਪਛਾਣਦੇ ਹੋਏ ਮਹਾਨ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਤੀ ਦੀ ਧੱਕੇਸ਼ਾਹੀ ਖਿਲਾਫ਼ ਲਿਖਣ।

ਸਿੱਖ ਕੌਮ ਦੇ ਅਕਸ ਨੂੰ ਜੇਕਰ ਸਾਡਾ ਮੀਡੀਆ ਦੁਨੀਆ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰੇਗਾ, ਤਾਂ ਕੌਮ ਦੀ ਪਨੀਰੀ ਇਸ ਪਾਸੇ ਵੱਲ ਹੋਰ ਵੀ ਰੁਚਿਤ ਹੋਵੇਗੀ। ਅਜਿਹੇ ਮੌਕੇ 'ਤੇ ਸਹਿਣ ਸ਼ਕਤੀ, ਪਰਉਪਕਾਰ ਅਤੇ ਮਾਨਵੀ ਹੱਕਾਂ ਪ੍ਰਤੀ ਚੇਤਨਾ ਮੂਲ ਸਰੋਕਾਰ ਬਣ ਕੇ ਕੌਮ ਦੀ ਸਰਬੱਤ ਦੇ ਭਲੇ ਦੀ ਅਰਦਾਸ ਮਨਜ਼ੂਰ ਕਰਵਾਉਣਗੇ।

ਜਦੋਂ ਸੰਸਾਰ ਭਰ ਵਿੱਚ ਸਿੱਖ ਕੌਮ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ 400ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ, ਜ਼ੁਲਮ ਖਿਲਾਫ ਗੁਰੂ ਸਾਹਿਬ ਵੱਲੋਂ ਉਠਾਈ ਆਵਾਜ਼ ਅਤਿ ਧਾਰਮਿਕ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ ਮੈਨੀਫੈਸਟੋ ਬਣਾ ਰਹੀ ਹੈ, ਉਦੋਂ ਸਾਰਿਆਂ ਨੂੰ ਮਿਲ ਕੇ ਭਾਰਤੀ ਹੁਕਮਰਾਨਾਂ ਦੇ ਹਿਟਲਰਸ਼ਾਹੀ ਅਤੇ ਨਾਜ਼ੀਵਾਦੀ ਹਿੰਦੂਤਵੀ ਏਜੰਡੇ ਖ਼ਿਲਾਫ਼ ਲੜਨ ਦੀ ਲੋੜ ਹੈ।ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਕੇਵਲ ਸਿੱਖਾਂ ਲਈ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੇਸ਼ ਅੰਦਰ ਹੋਰਨਾਂ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇੱਥੋਂ ਤੱਕ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ। ਸਿੱਖ ਕੌਮ ਵੱਲੋਂ ਬੀਤੇ ਸਾਲ ਨਵੰਬਰ ਮਹੀਨੇ ਦੌਰਾਨ ਕੈਨੇਡਾ ਭਰ ਵਿਚ ਅਨੇਕ ਥਾਵਾਂ 'ਤੇ ਖ਼ੂਨਦਾਨ ਮੁਹਿੰਮ ਵਿੱਚ ਭਾਰੀ ਸਹਿਯੋਗ ਕਾਰਨ ਹੀ, ਸਰੀ ਸਿਟੀ ਕੌਂਸਲ ਅਤੇ ਸਾਬਕਾ ਮੇਅਰ ਡੱਗ ਮੁਕੱਲਮ ਵੱਲੋਂ ਬੀਤੇ ਵਰ੍ਹੇ ਨਵੰਬਰ ਮਹੀਨੇ ਨੂੰ ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਦੇ ਯਾਦਗਾਰੀ ਮਹੀਨੇ ਵਜੋਂ ਐਲਾਨਿਆ ਗਿਆ, ਜਦਕਿ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਸਿੱਖ ਕੌਮ ਦੀ ਇਸ ਖ਼ੂਨਦਾਨ ਮੁਹਿੰਮ ਨੂੰ ਦੇਸ਼ ਦੀ ਸਭ ਤੋਂ ਵੱਡੀ ਮੁਹਿੰਮ ਵਜੋਂ ਸਨਮਾਨਿਆ ਗਿਆ।

ਆਓ, ਇਨਸਾਨੀਅਤ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਅਤੇ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ਼, ਸਿੱਖ ਕੌਮ ਵੱਲੋਂ ਆਰੰਭੀ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣੀਏ ਅਤੇ ਸੰਸਾਰ ਵਿੱਚ 'ਨਾ ਡਰੋ ਨਾ ਡਰਾਓ' ਅਤੇ 'ਜੀਓ ਅਤੇ ਜਿਓਣ ਦਿਓ' ਦੇ ਮਹਾਨ ਸੰਕਲਪ ਦੇ ਧਾਰਨੀ ਹੋ ਕੇ, ਮਨੁੱਖੀ ਹੱਕਾਂ ਸਮੇਤ 'ਸਰਬੱਤ' ਦੇ ਹੱਕਾਂ ਦੇ ਪਹਿਰੇਦਾਰ ਬਣੀਏ।












# ਮੁਸਲਮਾਨਾਂ ਦਾ ਡਰ ਦਿਖਾ ਕੇ ਹਿੰਦੂ ਸੰਸਥਾ ਨੇ ਕਿਸਾਨਾਂ ਤੋਂ 200 ਏਕੜ ਜ਼ਮੀਨ ਸਸਤੇ 'ਚ ਖਰੀਦ ਲਈ

ਭੋਪਾਲ:ਕੁਝ ਦਿਨ ਪਹਿਲਾਂ ਦੰਗਿਆਂ ਕਾਰਨ ਸੁਰਖੀਆਂ ਵਿਚ ਰਹੇ ਮੱਧ ਪ੍ਰਦੇਸ਼ ਦੇ ਖਰਗੋਨ ਵਿੱਚ ਬਜਰੰਗ ਦਲ ਦੇ ਇਕ ਆਗੂ ਨੇ ਕਥਿਤ ਤੌਰ 'ਤੇ ਮੁਸਲਮ ਸੰਸਥਾ ਦੇ ਨਾਂ 'ਤੇ ਹਿੰਦੂ ਕਿਸਾਨਾਂ ਤੋਂ ਕਈ ਏਕੜ ਜ਼ਮੀਨ ਖਰੀਦੀ ਤੇ ਫਿਰ ਉਸਦਾ ਜ਼ਮੀਨ ਦਾ ਨਾਂ ਪਰਿਵਰਤਨ ਕਰ ਦਿੱਤਾ।ਸਰਕਾਰ ਵੱਲੋਂ ਰਜਿਸਟਰਡ ਸੰਸਥਾ ਪ੍ਰੋ. ਪੀ ਸੀ ਮਹਾਜਨ ਫਾਊਂਡੇਸ਼ਨ ਦਾ ਬੋਰਡ ਖਰਗੋਨ ਦੇ ਡਾਬਰਿਆ ਪਿੰਡ 'ਚ ਲੱਗਾ ਹੈ।ਕੁਝ ਸਾਲ ਪਹਿਲਾਂ ਇਸਦਾ ਨਾਂ ਤਨਜ਼ੀਮ-ਏ-ਜ਼ਰਖੇਜ਼ ਸੀ।2007 ਵਿਚ ਬੋਰਡ ਦਾ ਨਾਂ ਬਦਲਿਆ।ਉਦੋਂ ਜਿਨ੍ਹਾਂ ਕਿਸਾਨਾ ਨੇ ਤਨਜ਼ੀਮ-ਏ-ਜ਼ਰਖੇਜ਼ ਨੂੰ ਜ਼ਮੀਨ ਵੇਚੀ ਸੀ, ਉਨ੍ਹਾਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਇੱਥੇ ਕਬਰਿਸਤਾਨ ਬਣੇਗਾ।ਆਲੇ-ਦੁਆਲੇ ਕਾਫੀ ਮੁਸਲਮ ਵਸਣ ਵਾਲੇ ਹਨ, ਅਜਿਹੇ ਵਿਚ ਉਨ੍ਹਾਂ ਦਾ ਰਹਿਣਾ ਮੁਸ਼ਕਲ ਹੋ ਜਾਵੇਗਾ।ਹੁਣ ਇਹ ਕਿਸਾਨ ਖੁਦ ਨੂੰ ਠਗਿਆ ਮਹਿਸੂਸ ਕਰ ਰਹੇ ਹਨ।ਰਾਜਪੁਰਾ ਦੇ ਨੰਦ ਕਿਸ਼ੋਰ ਨੇ ਦੱਸਿਆ ਕਿ ਉਸਦੀ ਜ਼ਮੀਨ ਇਸਕਾਨ ਮੰਦਰ ਕੋਲ ਸੀ ਤੇ ਉਸਨੇ ਸਿਰਫ 40 ਹਜ਼ਾਰ ਰੁਪਏ ਵਿਚ ਸਾਰੀ ਜ਼ਮੀਨ ਵੇਚ ਦਿੱਤੀ।ਉਸਨੇ ਦੱਸਿਆ—ਜ਼ਾਕਿਰ ਨਾਂ ਦਾ ਬੰਦਾ ਆਇਆ ਤੇ ਕਹਿਣ ਲੱਗਾ ਕਿ ਤੁਹਾਡੇ ਨੇੜੇ-ਤੇੜੇ ਦੀ ਜ਼ਮੀਨ ਖਰੀਦ ਲਈ ਹੈ।ਇਥੇ ਬੁੱਚੜਖਾਨਾ ਬਣੇਗਾ।ਤੁਸੀਂ ਵੀ ਜ਼ਮੀਨ ਵੇਚ ਦਿਓ, ਨਹੀਂ ਤਾਂ ਘਿਰ ਜਾਓਗੇ ।ਰਾਮ ਨਾਰਾਇਣ ਨੇ ਦੱਸਿਆ—2004-05 ਵਿਚ ਦਲਾਲ ਬਬਲੂ ਖਾਨ ਆਉਂਦਾ ਸੀ।ਮੇਰੇ ਵੱਡੇ ਭਰਾ ਨੂੰ ਮੋਟਰਸਾਈਕਲ ਖਰੀਦ ਕੇ ਦੇ ਦਿੱਤਾ । ਫਿਰ ਸਾਡੀ ਸਾਰੀ ਜ਼ਮੀਨ ਕੌਡੀਆਂ ਦੇ ਭਾਅ ਖਰੀਦ ਲਈ।ਰਜਿਸਟਰੀ ਅੰਗਰੇਜ਼ੀ ਵਿਚ ਸੀ।ਇਹੀ ਭਰਮ ਫੈਲਾਇਆ ਗਿਆ ਕਿ ਮੁਸਲਮ ਆ ਜਾਣਗੇ।ਅਸੀਂ ਡਰ ਕੇ ਜ਼ਮੀਨ ਵੇਚ ਦਿੱਤੀ।ਸਾਡੇ ਕੋਲ ਮੁਸਲਮ ਆ ਰਹੇ ਸਨ ਤਾਂ ਅਸੀਂ ਇਹੀ ਸੋਚਿਆ ਕਿ ਇਹੀ ਵਸਣਗੇ,ਸਾਨੂੰ ਕੀ ਪਤਾ ਸੀ ਕਿ ਜ਼ਮੀਨ ਕਿਸਨੇ ਖਰੀਦੀ।ਕਿਸਾਨ ਦੀਪਕ ਕੁਸ਼ਵਾਹਾ ਨੇ ਦੱਸਿਆ—ਬਬਲੂ ਦਲਾਲ ਆ ਕੇ ਕਹਿੰਦਾ ਸੀ ਕਿ ਮੁਸਲਮਾਨਾਂ ਦੀ ਸੰਸਥਾ ਬਣਾ ਰਹੇ ਹਾਂ।ਅਸੀਂ ਸੋਚਿਆ ਕਿ ਵਾਦ-ਵਿਵਾਦ 'ਚ ਕਿੱਥੇ ਫਸਾਂਗੇ।ਨੌਂ ਏਕੜ ਜ਼ਮੀਨ ਵੇਚ ਦਿੱਤੀ।ਸੰਜੇ ਸਿੰਘਵੀ ਵਰਗੇ ਕਾਰੋਬਾਰੀਆਂ ਨੇ ਵੀ ਖੇਤੀ ਜ਼ਮੀਨ ਵੇਚ ਦਿੱਤੀ। ਤਨਜ਼ੀਮ-ਏ-ਜ਼ਰਖੇਜ਼ ਨਾਂ ਦੇਖ ਕੇ ਰਿਸ਼ਤੇਦਾਰਾਂ ਨੂੰ ਲੱਗਿਆ ਕਿ ਹਜ ਕਮੇਟੀ ਬਣੇਗੀ, ਮੁਸਲਮ ਬਸਤੀ ਵਸੇਗੀ।ਘਬਰਾ ਕੇ ਜ਼ਮੀਨ ਵੇਚ ਦਿੱਤੀ।ਸੰਸਥਾ ਦੇ ਸੰਚਾਲਕ ਰਵੀ ਮਹਾਜਨ ਨੇ ਕਿਹਾ ਕਿ ਸਭ ਕਾਨੂੰਨ ਮੁਤਾਬਕ ਹੋਇਆ।ਇਥੇ ਗਰੀਬਾਂ ਨੂੰ ਘਰ ਮਿਲੇ ਹਨ।ਸੰਸਥਾ ਪਾਣੀ ਲੈ ਕੇ ਆਈ ਹੈ । ਖਰੀਦੀ ਗਈ 200 ਏਕੜ ਜ਼ਮੀਨ ਬਾਰੇ ਉਸਨੇ ਕਿਹਾ ਕਿ ਉਹ ਖਾਂਡਵ ਵਣ ਨੂੰ ਇੰਦਰਪ੍ਰਸਥ ਵਿਚ ਬਦਲਣਾ ਚਾਹੁੰਦੇ ਹਨ।ਸਾਰੇ ਮਾਮਲੇ ਵਿਚ ਬਜਰੰਗ ਦਲ ਦੇ ਪ੍ਰਾਂਤ ਸਹਿ-ਸੰਯੋਜਕ ਰਹੇ ਰਣਜੀਤ ਡਾਂਡੀਰ ਦਾ ਵੀ ਨਾਂ ਵਜਦਾ ਹੈ।ਉਹ ਬਾਅਦ ਵਿਚ ਸਹਿਕਾਰੀ ਬੈਂਕ ਦਾ ਪ੍ਰਧਾਨ ਬਣਿਆ ਤੇ ਹੁਣ ਭਾਜਪਾ ਵਿਚ ਹੈ।ਉਸਦਾ ਕਹਿਣਾ ਹੈ—ਮੈਂ ਸੰਸਥਾ ਦੀ ਸੀ ਸੀ ਲਿਮਟ ਵਧਾਈ, ਫਿਰ ਸਮਾਜ ਸੇਵਾ ਕਰਨ ਲਈ ਪ੍ਰਧਾਨ ਬਣਿਆ।ਮੇਰਾ ਨਾਂ ਇਸ ਕਰਕੇ ਉਛਾਲਿਆ ਜਾ ਰਿਹਾ ਹੈ ਕਿਉਂਕਿ ਰਣਜੀਤ ਡਾਂਡੀਰ ਵੱਡਾ ਨਾਂ ਹੈ।ਮੈਂ ਸੱਤ ਵਾਰ ਜੇਲ੍ਹ ਗਿਆ।ਕਤਲ ਕੇਸ ਚੱਲਿਆ ਮੇਰੇ 'ਤੇ।ਮੇਰਾ ਪੂਰਾ ਜੀਵਨ ਹਿੰਦੂ ਸਮਾਜ ਦੇ ਲੇਖੇ ਲੱਗਿਆ।ਮਾਮਲਾ ਐਡੀਸ਼ਨਲ ਕੁਲੈਕਟਰ ਦੀ ਕੋਰਟ ਵਿਚ ਹੈ ਤੇ ਉਥੇ ਕੇਸ ਲੜਨ ਵਾਲਾ ਸੁਧੀਰ ਕੁਲਕਰਨੀ 30 ਸਾਲ ਤੋਂ ਸੰਘ ਦਾ ਕਾਰਕੁੰਨ ਹੈ।ਉਸਦਾ ਕਹਿਣਾ ਹੈ ਕਿ 2005 ਵਿਚ ਭਾਜਪਾ ਵਿਧਾਇਕ ਬਾਬੂ ਲਾਲ ਮਹਾਜਨ ਨੇ ਕਿਹਾ ਸੀ ਕਿ ਗਲਤ ਹੋ ਰਿਹਾ ਹੈ ਅਤੇ ਕਰੋੜਾਂ ਦੀ ਅਸ਼ਟਾਮ ਡਿਊਟੀ ਚੋਰੀ ਹੋਈ ਹੈ।

# ਸਿੱਖਾਂ ਨੂੰ ਦੇਹਧਾਰੀ ਗੁਰੂਡੰਮ ਅਤੇ ਪਖੰਡੀ ਪਾਸਟਰਾਂ ਤੋਂ ਬਚਣ ਦੀ ਲੋੜ:ਸਿੱਖ ਜਥੇਬੰਦੀਆਂ

ਲੰਡਨ-ਪੰਜਾਬ ਵਿੱਚ ਵਧ ਰਿਹਾ ਦੇਹਧਾਰੀ ਗੁਰੂ ਡੰਮ ਅਤੇ ਪਖੰਡੀ ਪਾਸਟਰਾਂ ਦਾ ਕੂੜ ਪ੍ਰਚਾਰ ਸਿੱਖ ਕੌਮ ਲਈ ਇੱਕ ਵੰਗਾਰ ਦੀ ਨਿਆਈਂ ਹੈ ।ਜਿਸ ਨੂੰ ਠੱਲ੍ਹ ਪਾਉਣ ਲਈ ਗੁਰਮਤਿ ਦੇ ਸੁਨਿਹਰੀ ਅਸੂਲਾਂ ਦੇ ਧਾਰਨੀ ਹੋਣਾ ਜਰੂਰੀ ਹੈ ਉੱਥੇ ਗੌਰਵਮਈ ਸਿੱਖ ਇਤਿਹਾਸ ਤੋਂ ਸੇਧ ਪ੍ਰਾਪਤ ਕਰਨਾ ਸਮੇਂ ਦੀ ਖਾਸ ਲੋੜ ਹੈ।ਈਸਾਈ ਮੱਤ ਦੇ ਕੁੱਝ ਪ੍ਰਚਾਰਕ ਸਿੱਖਾਂ ਦੇ ਘਰਾਂ ਦੇ ਦਰਵਾਜੇ ਖੜਕਾ ਖੜਕਾ ਕੇ ਉਹਨਾਂ ਨੂੰ ਜਿੱਥੇ ਈਸਾਈ ਮੱਤ ਗ੍ਰਹਿਣ ਕਰਨ ਲਈ ਪ੍ਰੇਰ ਰਹੇ ਹਨ ਉੱਥੇ ਗੁਰੂ ਸਹਿਬਾਨ ਖਿਲਾਫ ਬੇਹੂਦਾ ਟਿੱਪਣੀਆਂ ਕਰਕੇ ਆਪਣੇ ਧਰਮ ਨੂੰ ਵੱਡਾ ਅਤੇ ਪ੍ਰਭਾਵਸ਼ਾਲੀ ਦਰਸਾਉਣ ਲਈ ਯਤਨ ਕਰ ਰਹੇ ਹਨ।ਜਿਹਨਾਂ ਤੇ ਰੋਕ ਲਗਾਉਣ ਲਈ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਸਿੱਖ ਜਥੇਬੰਦੀਆਂ ਨੂੰ ਕਾਰਜਸ਼ੀਲ ਹੋਣ ਦੀ ਜਰੂਰਤ ਹੈ। ਭਾਈ ਜੋਗਾ ਸਿੰਘ ਬੱਬਰ ਅਕਾਲੀ ਆਰਗੇਨਾਈਜੇਸ਼ਨ ਯੂ,ਕੇ,ਭਾਈ ਤਰਸੇਮ ਸਿੰਘ ਦਿਉਲ ਬ੍ਰਿਟਿਸ਼ ਸਿੱਖ ਕੌਂਸਲ ਯੂ,ਕੇ,ਭਾਈ ਗੁਰਦੇਵ ਸਿੰਘ ਚੋਹਾਨ ਸ਼੍ਰੋਮਣੀ ਅਕਾਲੀ ਦਲ ਯੂ,ਕੇ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਨਿਰਮਲ ਸਿੰਘ ਸੰਧੂ ਯੂਨਾਈਟਿਡ ਖਾਲਸਾ ਦਲ ਯੂ,ਕੇ ਨੇ ਪੰਜਾਬ ਦੀ ਧਰਤੀ ਤੇ ਝੂਠ ਬੋਲ ਕੇ ਗੁੰਮਰਾਹ ਕਰਨ ਵਾਲੇ ਈਸਾਈ ਪ੍ਰਚਾਰਕਾਂ ਦੇ ਸਿੱਖ ਧਰਮ ਖਿਲਾਫ ਕੀਤੇ ਜਾ ਰਹੇ ਕੂੜ ਪ੍ਰਚਾਰ ਦੀ ਸਖਤ ਨਿਖੇਧੀ ਕੀਤੀ ਹੈ। ਸਿੱਖ ਜਥੇਬੰਦੀਆਂ ਵਲੋਂ ਸਾਂਝੇ ਤੌਰ ਤੇ ਆਖਿਆ ਗਿਆ ਕਿ ਹਰੇਕ ਇਨਸਾਨ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ ਨੂੰ ਖੁੱਲ ਹੈ, ਸਿੱਖ ਕਿਸੇ ਧਰਮ ਦਾ ਅਪਮਾਨ ਨਹੀਂ ਕਰਦੇ ਨਾ ਹੀ ਕਿਸੇ ਧਰਮ ਦੇ ਵਿਰੋਧੀ ਹਨ। ਇਹਨਾਂ ਕੁੱਝ ਈਸਾਈ ਪ੍ਰਚਾਰਕਾਂ ਵਲੋਂ ਗੁਰੂ ਸਹਿਬਾਨ ਦੇ ਕੀਤੇ ਜਾ ਰਹੇ ਨਿਰਾਦਰ ਨੂੰ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ। ਸਿੱਖ ਜਥੇਬੰਦੀਆਂ ਵਲੋਂ ਸਿੱਖਾਂ ਦੇ ਘਰਾਂ ਵਿੱਚ ਜਨਮ ਲੈਣ ਵਾਲੇ ਸਮੁੱਚੇ ਵਿਅਕਤੀਆਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਗਈ ਕਿ ਆਪਣਾ ਇਤਿਹਾਸ ਅਤੇ ਪ੍ਰੰਪਰਾਵਾਂ ਬਹੁਤ ਹੀ ਮਾਣ ਮੱਤੀਆਂ ਅਤੇ ਗੌਰਵਮਈ ਹਨ।ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਹੀ ਟੇਕ ਰੱਖਦਿਆਂ ਅਕਾਲ ਪੁਰਖ ਦੇ ਭਾਣੇ ਅੰਦਰ ਜੀਵਨ ਜਿਉਣਾ ਸਿੱਖ ਕਿਰਦਾਰ ਸਦਾ ਅਨਿੱਖੜਵਾਂ ਅੰਗ ਰਿਹਾ ਹੈ।ਜਿਸ ਨੂੰ ਪੁਰਾਤਨ ਅਤੇ ਵਰਤਮਾਨ ਸਮਿਆਂ ਦੌਰਾਨ ਸਿਦਕਵਾਨ ਸਿੱਖਾਂ ਵਲੋਂ ਹਰ ਤਰਾਂ ਦਾ ਸਰਕਾਰੀ ਜਬਰ,ਜੁਲਮ, ਤਸ਼ੱਦਦ ,ਤਸੀਹੇ ਝੱਲਦਿਆਂ ਬਰਕਰਾਰ ਰੱਖਿਆ ਗਿਆ।ਹਰ ਤਰਾਂ ਦੀ ਮੁੰਕਲ ਵਿੱਚ ਵੀ ਸਿੱਖੀ ਤੋਂ ਮੁੱਖ ਨਹੀਂ ਮੋੜਿਆ।ਪਰ ਪਦਾਰਥਵਾਦੀ ਚਕਾਚੌਂਦ ਵਿੱਚ ਕਿਸੇ ਭਰਮ ਭੁਲੇਖੇ ਜਾਂ ਛਲਾਵੇ ਅਧੀਨ ਸੁੱਖ ਪ੍ਰਾਪਤ ਕਰਨ ਅਤੇ ਨਿੱਜੀ ਲਾਭ ਦੀ ਲਾਲਸਾ ਪੂਰੀ ਕਰਨ ਲਈ ਗੈਰਾਂ ਦੀ ਸ਼ਰਨ ਵਿੱਚ ਚਲੇ ਜਾਣਾ ਭਾਵ ਸਿੱਖੀ ਤੋਂ ਬੇਮੁੱਖ ਹੋਣਾ ਬਹੁਤ ਹੀ ਮਾੜੀ ਗੱਲ ਹੈ।ਸਿੱਖ ਜਥੇਬੰਦੀਆਂ ਵਲੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਸਿੱਖੀ ਦੇ ਪ੍ਰਚਾਰ ਢਿੱਲੀ ਰਫਤਾਰ ਨੂੰ ਵੀ ਈਸਾਈਅਤ ਦੇ ਬੜਾਵੇ ਦਾ ਕਾਰਨ ਸਮਝਿਆ ਗਿਆ ਹੈ।ਸਿੱਖੀ ਦਾ ਪ੍ਰਚਾਰ ਕਰਨਾ ਅਤੇ ਸਿੱਖੀ ਵਾਸਤੇ ਜੂਝਣ ਵਾਲਿਆਂ ਦੀ ਪੁਸ਼ਤ ਪਨਾਹੀ ਕਰਨੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੁੱਢਲਾ ਫਰਜ਼ ਹੈ ਜਦਕਿ ਇਸ ਫਰਜ਼ ਦੀ ਅਕਸਰ ਹੀ ਅਣਦੇਖੀ ਕੀਤੀ ਗਈ।ਜਿਕਰਯੋਗ ਹੈ ਈਸਾਈਅਤ ਦਾ ਪ੍ਰਚਾਰ ਕਰਨ ਵਾਲੇ ਸਿੱਖਾਂ ਨੂੰ ਪੁੱਛ ਰਹੇ ਹਨ ਕਿ ਤੁਹਾਨੂੰ ਤੁਹਡੇ ਗੁਰੂ ਨੇ ਕੀ ਦਿੱਤਾ? ਜਦਕਿ ਸਾਡੇ ਗੁਰੂ ਨੇ ਸਾਡੇ( ਸਿੱਖਾਂ) ਤੋਂ ਕੁੱਝ ਲੁਕਾਇਆ ਹੀ ਨਹੀਂ ਹੈ।ਆਪਣੇ ਚਾਰੇ ਸਾਹਿਬਜਾਦੇ, ਆਪਣੇ ਪਿਤਾ ਸਮੇਤ ਸਰਬੰਸ ਤੱਕ ਵਾਰ ਦਿੱਤਾ।ਈਸਾਈ ਮੱਤ ਦਾ ਪ੍ਰਭਾਵ ਕਬੂਲ ਕਰਨ ਵਾਲੇ ਸਿੱਖਾਂ ਨੂੰ ਵਾਪਸ ਸਿੱਖੀ ਦੀ ਮੁੱਖ ਧਾਰਾ ਵਿੱਚ ਪਰਤ ਆਉਣ ਦਾ ਸਿੱਖ ਜਥੇਬੰਦੀਆਂ ਸੱਦਾ ਦਿੱਤਾ ਗਿਆ ਹੈ।ਸ਼ਹੀਦ ਭਾਈ ਮਹਾਂ ਸਿੰਘ ਵਰਗੇ ਸੂਰਬੀਰ ਯੋਧਿਆਂ ਨੂੰ ਯਾਦ ਕਰਨ ਦੀ ਲੋੜ ਹੈ ਜਿਹਨਾਂ ਨੇ ਆਪਣਾ ਬੇਦਾਵਾ ਪੜਵਾਉਣ ਲਈ ਆਪਾ ਕੁਰਬਾਨ ਕਰ ਦਿੱਤਾ ਸੀ । ਲਾਲਚ ਵੱਸ ਆਪਣਾ ਧਰਮ ਤਬਦੀਲ ਕਰਨ ਵਾਲਿਆਂ ਲਈ ਅਜੇ ਵੀ ਵਕਤ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ ਆਕੇ ਆਪਣਾ ਜੀਵਨ ਸਫਲਾ ਕੀਤਾ ਜਾਵੇ।


BRIGHTWAY SERVICES

PH:(604)547-3787

2nd floor (364- 8158 128th st, V3W1R1, Surrey, BC)
next to Royal King Palace

Business Hours:10am to 6pm (Monday to Friday )

We provide following Services

•India visa applications 6months, 1 year, 10 years
•Visitor Visa application to USA, Australia, England (UK), China, Dubai (UAE), Europe Visa
•Old age pension applications / CPP Applications
•OCI Applications •Indian passport applications
•Name change applications •PR card renewal application
•Citizenship application •Canadian passport application

•ਇੰਡੀਅਨ ਵੀਜਾ ਐਪਲੀਕੇਸ਼ਨ 6 ਮਹੀਨੇ, 1 ਸਾਲ, 10 ਸਾਲ
•ਵਿਜਟਰ ਵੀਜਾ ਐਪਲੀਕੇਸ਼ਨ (ਯੂਐਸਏ, ਆਸਟ੍ਰੇਲੀਆ, ਇੰਗਲੈਂਡ (ਯੂ ਕੇ), ਚੀਨ, ਡੁਬਈ (ਯੂ ਏ ਈ), ਯੂਰਪ ਵੀਜਾ
•ਓਲਡ ਏਜ ਪੈਨਸ਼ਨ ਐਪਲੀਕੇਸ਼ਨਜ/ਸੀ ਪੀ ਪੀ ਐਪਲੀਕੇਸ਼ਨਜ
•ਓ ਸੀ ਆਈ ਐਪਲੀਕੇਸ਼ਨਜ •ਇੰਡੀਅਨ ਪਾਸਪੋਰਟ ਐਪਲੀਕੇਸ਼ਨਜ
•ਨਾਮ ਬਦਲੀ ਐਪਲੀਕੇਸ਼ਨਜ •ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
•ਸਿਟੀਜਨਸ਼ਿਪ ਐਪਲੀਕੇਸ਼ਨ •ਕਨੇਡੀਅਨ ਪਾਸਪੋਰਟ ਐਪਲੀਕੇਸ਼ਨ

Same day fast service

Email:brightwayservices70@gmail.com .



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਸਰੀ ਨਿਵਾਸੀ ਕਵੀ ਮੋਹਨ ਗਿੱਲ ਦੀ ਪੁਸਤਕ ‘ਪਵਣੁ’ ਗਦਰੀ ਬਾਬਿਆਂ ਦੇ ਮੇਲੇ ਤੇ ਲੋਕ ਅਰਪਨ




ਲੁਧਿਆਣਾ:-ਕੈਨੇਡਾ ਦੇ ਸ਼ਹਿਰ ਸਰੀ(ਬ੍ਰਿਟਿਸ਼ ਕੋਲੰਬੀਆ) ਵੱਸਦੇ ਪ੍ਰਮੁੱਖ ਪੰਜਾਬੀ ਕਵੀ ਮੋਹਨ ਗਿੱਲ ਦੇ ਲਿਖੇ ਹਾਇਕੂ ਸੰਗ੍ਰਹਿ ਪਵਣੁ ਨੂੰ ਦੇਸ਼ ਭਗਤ ਹਾਲ ਜਲੰਧਰ ਵਿੱਚ ਲੱਗੇ ਗਦਰੀ ਬਾਬਿਆਂ ਦੇ ਮੇਲੇ ਮੌਕੇ ਲੋਕ ਅਰਪਨ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਗਿੱਲ ਨੇ ਕਿਹਾ ਹੈ ਕਿ ਹੋਰ ਮੁਲਕਾਂ ਵਿੱਚ ਪ੍ਰਚੱਲਤ ਸਾਹਿੱਤ ਰੂਪਾਂ ਨੂੰ ਪੰਜਾਬੀ ਵਿੱਚ ਪੇਸ਼ ਕਰਨ ਦੀ ਰੀਤ ਬਹੁਤ ਪੁਰਾਣੀ ਹੈ। ਜਾਪਾਨ ਦੇ ਕਾਵਿ ਰੂਪ ਹਾਇਕੂ ਨੂੰ ਪੰਜਾਬੀ ਵਿੱਚ ਸਾਡੇ ਕਈ ਕਵੀਆਂ ਨੇ ਪਹਿਲਕਦਮੀ ਕੀਤੀ ਹੈ, ਉਨ੍ਹਾਂ ਚੋਂ ਮੋਹਨ ਗਿੱਲ ਦਾ ਸੱਜਰਾ ਹਾਇਕੂ ਸੰਗ੍ਰਹਿ ਪਵਣੁ ਮੁੱਲਵਾਨ ਕਿਰਤ ਹੈ। ਇਸ ਦਾ ਮੁੱਖ ਬੰਦ ਲਿਖਦਿਆਂ ਸ਼੍ਰੋਮਣੀ ਕਵੀ ਰਵਿੰਦਰ ਰਵੀ ਨੇ ਵੀ ਇਹੀ ਕਿਹਾ ਹੈ ਕਿ ਮੋਹਨ ਗਿੱਲ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਉਸ ਨੇ ਹਾਇਕੂ ਦੇ ਵਸਤੂ ਖੇਤਰ ਨੂੰ ਵਿਸ਼ਾਲ ਕੀਤਾ ਹੈ। ਪ੍ਰਕਿਰਤੀ ਚਿਤਰਨ ਦੇ ਨਾਲ ਨਾਲ ਉਸਨੇ ਸਮਾਜਿਕ, ਰਾਜਨੀਤਕ ਤੇ ਆਰਥਿਕ ਸਰੋਕਾਰਾਂ ਨੂੰ ਵੀ ਹਾਇਕੂ ਦੀ ਵਸਤੂ ਬਣਾਇਆ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਕਿਹਾ ਕਿ ਮੋਹਨ ਗਿੱਲ ਨੇ ਆਪਣੇ ਵਸੀਹ ਗਿਆਨ ਭੰਡਾਰ ਨੂੰ ਹਮੇਸ਼ਾਂ ਕਾਵਿ ਅਭਿਵਿਅਕਤੀ ਲਈ ਸੁਯੋਗ ਢੰਗ ਨਾਲ ਵਰਤਿਆ ਹੈ। ਪੰਜਾਬ ਕਵੀ ਬਲਵਿੰਦਰ ਸੰਧੂ ਨੇ ਕਿਹਾ ਕਿ ਅੰਗ੍ਰੇਜ਼ੀ ਸਾਹਿੱਤ ਦਾ ਵਿਦਿਆਰਥੀ ਹੋਣ ਕਾਰਨ ਮੋਹਨ ਗਿੱਲ ਸਾਨੂੰ ਨਵੇਂ ਕਾਵਿ ਰੂਪ ਨਾਲ ਵੀ ਜੋੜ ਰਿਹਾ ਹੈ।ਪੰਜਾਬੀ ਕਹਾਣੀਕਾਰ ਸੁਖਜੀਤ ਨੇ ਕਿਹਾ ਕਿ ਚੇਤਨਾ ਪ੍ਰਕਾਸ਼ਨ ਨੇ ਪਵਣੁ ਦੇ ਪ੍ਰਕਾਸ਼ਨ ਨਾਲ ਮੋਹਨ ਗਿੱਲ ਦੀ ਵਿਸ਼ਵ ਦ੍ਰਿਸ਼ਟੀ ਦੇ ਸਨਮੁਖ ਪੰਜਾਬੀ ਪਾਠਕਾਂ ਨੂੰ ਖੜ੍ਹਾ ਕਰ ਦਿੱਤਾ ਹੈ। ਮੋਹਨ ਗਿੱਲ ਦੀ ਗੌਰਮਿੰਟ ਕਾਲਿਜ ਲੁਧਿਆਣਾ ਵਿੱਚ ਸਹਿਪਾਠੀ ਰਹੀ ਡਾ. ਸਰਿਤਾ ਤਿਵਾੜੀ ਨੇ ਕਿਹਾ ਕਿ ਇਸ ਕਿਤਾਬ ਨੂੰ ਵੇਖ ਕੇ ਮੈਂ 46 ਸਾਲ ਪਿੱਛੇ ਪਰਤ ਗਈ ਹਾਂ ਜਦ ਮੈਂ ਤੇ ਮੋਹਨ ਗਿੱਲ ਇਕੱਠੇ ਪੜ੍ਹਨ ਵੇਲੇ ਪੰਜਾਬੀ ਤੇ ਹਿੰਦੀ ਦੇ ਵਿਦਿਆਰਥੀ ਸਾਥੀਆਂ ਨਾਲ ਘੰਟਿਆਂ ਬੱਧੀ ਸਾਹਿੱਤ ਚਰਚਾ ਕਰਦੇ ਸਾਂ। ਉਦੋਂ ਕੀ ਪਤਾ ਸੀ ਕਿ ਮੈਂ ਤੇ ਗੁਰਭਜਨ ਆਪਣੇ ਸਹਿਪਾਠੀ ਦੀ ਕਾਵਿ ਪੁਸਤਰ ਜਲੰਧਰ ਵਿੱਚ ਗਦਰੀ ਬਾਬਿਆਂ ਦੇ ਮੇਲੇ ਤੇ ਉਸ ਦੀ ਗ਼ੈਰਹਾਜ਼ਰੀ ਚ ਲੋਕ ਅਰਪਨ ਕਰਾਂਗੇ। ਇਸ ਮੌਕੇ ਉੱਘੇ ਲੇਖਕ ਹਰਮੀਤ ਵਿਦਿਆਰਥੀ,ਦੀਪ ਜਗਦੀਪ ਸਿੰਘ, ਕਹਾਣੀਕਾਰ ਮਨਦੀਪ ਸਿੰਘ ਘੁਮਾਣ(ਡਡਿਆਣਾ)ਜੱਸ ਮੰਡ ਟਰਸਟੀ ਰੋਜ਼ਾਨਾ ਨਵਾਂ ਜ਼ਮਾਨਾ, ਪਿਰਥੀਪਾਲ ਸਿੰਘ ਮਾੜੀਮੇਘਾ, ਗੁਰਮੀਤ ਸਿੰਘ ਸ਼ੁਗਲੀ ਐਡਵੋਕੇਟ, ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਪਿੰਡ ਦਾਦ(ਲੁਧਿਆਣਾ) ਗਿਆਨ ਸੈਦਪੁਰੀ,ਜੈਨਿੰਦਰ ਚੌਹਾਨ ਨਾਭਾ ਵੀ ਹਾਜ਼ਰ ਸਨ।


AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY



THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਪੰਜਾਬ ਤਾਂ ਕੈਨੇਡਾ ਵਰਗਾ ਬਣਨਾ ਨਹੀਂ, ਪਰ ਅਸੀਂ ਕੈਨੇਡਾ ਨੂੰ ਜਰੂਰ ਪੰਜਾਬ ਵਰਗਾ ਬਣਾ ਦਿਆਂਗੇ

ਇਸ ਦੀਵਾਲੀ 'ਤੇ ਕੈਨੇਡਾ ਦੇ ਸ਼ਹਿਰ ਬਰੈਂਪਟਨ, ਮਾਲਟਨ ਅਤੇ ਮਿਸੀਸਾਗਾ ਵਿਖੇ ਪੰਜਾਬੀਆਂ ਵੱਲੋਂ ਕੀਤੀਆਂ ਗਈਆਂ ਸ਼ਰਮਨਾਕ ਹਰਕਤਾਂ ਦੀਆਂ ਕਈ ਵੀਡੀਉ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀਆਂ ਹਨ। ਇਸ ਮੌਕੇ ਭਾਰਤੀਆਂ ਅਤੇ ਖਾਸ ਤੌਰ 'ਤੇ ਪੰਜਾਬੀਆਂ ਨੇ ਰੱਜ ਕੇ ਕੈਨੇਡਾ ਦੇ ਨਰਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ। ਜਿਸ ਅਫਸਰ ਨੇ ਇਹਨਾਂ ਨੂੰ ਆਤਸ਼ਬਾਜ਼ੀ ਚਲਾਉਣ ਦੀ ਅਗਿਆ ਦਿੱਤੀ ਹੋਵੇਗੀ, ਉਹ ਜਰੂਰ ਕਿਤੇ ਬੈਠਾ ਆਪਣੇ ਸਿਰ ਦੇ ਵਾਲ ਪੁੱਟ ਰਿਹਾ ਹੋਵੇਗਾ। ਕਈ ਪਾਰਕਿੰਗਾਂ ਅਗਲੇ ਦਿਨ ਤੱਕ ਪਟਾਕਿਆਂ ਦੀ ਰਹਿੰਦ ਖੂੰਹਦ ਨਾਲ ਭਰੀਆਂ ਪਈਆਂ ਸਨ। ਕੈਨੇਡਾ ਵਿੱਚ ਜਦੋਂ ਵੀ ਕਿਸੇ ਨੂੰ ਪਾਰਕ ਆਦਿ ਵਿੱਚ ਕੋਈ ਫੰਕਸ਼ਨ ਕਰਨ ਦੀ ਆਗਿਆ ਮਿਲਦੀ ਹੈ ਤਾਂ ਉਸ ਦੀ ਪਹਿਲੀ ਸ਼ਰਤ ਇਹ ਹੁੰਦੀ ਹੈ ਕਿ ਪ੍ਰਬੰਧਕ ਸਮਾਗਮ ਖਤਮ ਹੋਣ ਤੋਂ ਬਾਅਦ ਸਫਾਈ ਕਰ ਕੇ ਜਾਣਗੇ। ਪਰ ਭਾਰਤੀਆਂ ਨੂੰ ਸਫਾਈ ਕਿੱਥੇ ਚੰਗੀ ਲੱਗਦੀ ਹੈ? ਇੱਕ ਵੀਡੀਉ ਵਿੱਚ ਤਾਂ ਇੱਕ ਗੋਰਾ ਪਾਰਕਿੰਗ ਵਿੱਚ ਖਲੋ ਕੇ ਗੰਦ ਪਾਉਣ ਵਾਲੇ ਸਾਡੇ ਲੋਕਾਂ ਨੂੰ ਉੱਚੀ ਉੱਚੀ ਗਾਲ੍ਹਾਂ ਕੱਢ ਰਿਹਾ ਹੈ।

ਦੀਵਾਲੀ ਵਾਲੇ ਦਿਨ ਹੀ ਟੋਰਾਂਟੋ ਦੇ ਇੱਕ ਹੋਰ ਉੱਪ ਨਗਰ ਮਿਸੀਸਾਗਾ ਵਿੱਚ ਕਥਿੱਤ ਖਾਲਿਸਤਾਨ ਦੇ ਵਿਰੋਧੀ ਤੇ ਹਮਾਇਤੀ ਰੱਜ ਕੇ ਛਿੱਤਰੋ ਛਿੱਤਰੀ ਹੋਏ ਹਨ।

ਕੈਨੇਡਾ ਦੇ ਜਿਸ ਸ਼ਹਿਰ (ਬਰੈਂਪਟਨ, ਸਰੀ ਆਦਿ) ਵਿੱਚ ਭਾਰਤੀਆਂ ਤੇ ਖਾਸ ਤੌਰ 'ਤੇ ਪੰਜਾਬੀਆਂ ਦੀ ਗਿਣਤੀ ਵਧ ਜਾਂਦੀ ਹੈ ਤਾਂ ਗੋਰੇ ਉਹ ਸ਼ਹਿਰ ਹੀ ਛੱਡ ਜਾਂਦੇ ਹਨ। ਆਪਣੇ ਆਪ ਨੂੰ ਦੇਸੀ ਸਾਬਤ ਕਰਨ ਲਈ ਸਿਰ 'ਤੇ ਡੱਬੀਆਂ ਵਾਲਾ ਸਾਫਾ, ਪੈਰੀਂ ਕੈਂਚੀ ਚੱਪਲਾਂ ਅਤੇ ਸ਼ਰਟ ਨਾਲ ਸੜਿਆ ਹੋਇਆ ਪਜਾਮਾ ਪਾ ਕੇ ਪੰਜਾਬੀ ਆਮ ਹੀ ਘੁੰਮਦੇ ਹੋਏ ਵੇਖੇ ਜਾ ਸਕਦੇ ਹਨ। ਬਰੈਂਪਟਨ ਵਿੱਚ ਤਾਂ ਦੁਨੀਆਂ ਹੀ ਅਲੱਗ ਵੱਸਦੀ ਹੈ। ਨੌਜਵਾਨ ਕਾਰਾਂ ਵਿੱਚ ਉੱਚੀ ਉੱਚੀ ਡੈੱਕ ਲਗਾ ਕੇ ਹਾਰਨ ਮਾਰਦੇ ਫਿਰਦੇ ਹਨ। ਕੋਈ ਵੀ ਆਪਣੇ ਪਾਲਤੂ ਕੁੱਤਿਆਂ ਦਾ ਗੰਦ ਸੜਕ ਉੱਪਰੋਂ ਸਾਫ ਨਹੀਂ ਕਰਦਾ। ਸੰਸਾਰ ਦੀਆਂ ਸੈਂਕੜੇ ਕੌਮਾਂ ਦੇ ਕਰੋੜਾਂ ਲੋਕ ਪੱਛਮੀ ਦੇਸ਼ਾਂ ਵਿੱਚ ਵੱਸਦੇ ਹਨ।

ਪਰ ਕੁਝ ਪੰਜਾਬੀਆਂ ਵੱਲੋਂ ਜੋ ਜਲੂਸ ਆਪਣੀ ਕੌਮ ਦਾ ਕੱਢਿਆ ਜਾ ਰਿਹਾ ਹੈ, ਉਹ ਕੰਮ ਕਿਸੇ ਹੋਰ ਕੌਮ ਵੱਲੋਂ ਨਹੀਂ ਕੀਤਾ ਜਾ ਰਿਹਾ। ਰੋਜ਼ਾਨਾ ਰੈਫਰੈਂਡਮ ਵਰਗੇ ਕਿਸੇ ਫਜ਼ੂਲ ਦੇ ਮੁੱਦੇ 'ਤੇ ਕੈਨੇਡਾ ਵਰਗੇ ਸ਼ਾਂਤੀ ਪਸੰਦ ਦੇਸ਼ ਦੇ ਵਸਨੀਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਲੱਖਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਦੇ ਕੇ ਉਥੇ ਵੱਸਣ ਦਾ ਜੋ ਮੌਕਾ ਦਿੱਤਾ ਜਾ ਰਿਹਾ ਹੈ, ਉਹ ਕੈਨੇਡਾ ਸਰਕਾਰ ਦੀ ਕੋਈ ਮਜ਼ਬੂਰੀ ਨਹੀਂ ਬਲਕਿ ਦਰਿਆ ਦਿਲੀ ਹੈ। ਪਰ ਪੰਜਾਬ ਤੋਂ ਗਏ ਕੁਝ ਵਿਦਿਆਰਥੀਆਂ ਅਤੇ ਸਿਟੀਜ਼ਨ ਪੰਜਾਬੀਆਂ ਦੀਆਂ ਅਜਿਹੀਆਂ ਸ਼ਰਮਨਾਕ ਹਰਕਤਾਂ ਤੋਂ ਲੱਗਦਾ ਹੈ ਕਿ ਕਿਸੇ ਦਿਨ ਕੈਨੇਡਾ ਨੇ ਸਾਡੇ ਵੀਜ਼ੇ ਲਗਾਉਣੇ ਹੀ ਬੰਦ ਕਰ ਦੇਣੇ ਹਨ।

ਸਾਡੇ ਲੋਕ ਕਿਤੇ ਵੀ ਜਾਣ, ਆਪਣੀਆਂ ਘਟੀਆ ਕਰਤੂਤਾਂ ਤੋਂ ਬਾਜ਼ ਨਹੀਂ ਆਉਂਦੇ। ਪਿੱਛੇ ਜਿਹੇ ਵਾਇਰਲ ਹੋਈ ਇੱਕ ਵੀਡੀਉ ਵਿੱਚ ਇੱਕ ਵਿਅਕਤੀ ਕੈਨੇਡਾ ਦੀ ਫਲਾਈਟ ਵਿੱਚ ਬੈਠਾ ਤੰਬਾਕੂ ਮਲ ਰਿਹਾ ਸੀ। ਉਥੇ ਹੁਣ ਪੰਜਾਬੀ ਇਲਾਕਿਆ ਦੇ ਪਬਲਿਕ ਟਾਇਲਟਾਂ ਵਿੱਚ ਤੰਬਾਕੂ ਥੁੱਕਿਆ ਆਮ ਹੀ ਦਿਖਾਈ ਦੇ ਜਾਂਦਾ ਹੈ ਤੇ ਦੇਸੀ ਦੁਕਾਨਾਂ ਵਿੱਚ ਤੰਬਾਕੂ ਦੀਆਂ ਪੁੜੀਆਂ ਅਸਾਨੀ ਨਾਲ ਮੁਹੱਈਆ ਹਨ। ਬਹੁਤੇ ਪੰਜਾਬੀ ਸ਼ਰਾਬ ਬਿਨਾਂ ਨਹੀਂ ਰਹਿ ਸਕਦੇ ਪਰ ਕੈਨੇਡਾ ਵਿੱਚ ਸ਼ਰਾਬ ਬਹੁਤ ਮਹਿੰਗੀ ਹੈ। ਇਸ ਲਈ ਕਈ ਸੂਰਮੇ ਜੁਗਾੜ ਲਗਾ ਕੇ ਘਰ ਹੀ ਸ਼ਰਾਬ ਕੱਢ ਲੈਂਦੇ ਹਨ। ਸਾਲ ਕੁ ਪਹਿਲਾਂ ਟੂਰਿਸਟ ਵੀਜ਼ੇ 'ਤੇ ਗਿਆ ਇੱਕ ਮੂਰਖ ਕਿਰਾਏ ਦੀ ਬੇਸਮੈਂਟ ਵਿੱਚ ਦੇਸੀ ਸ਼ਰਾਬ ਕੱਢ ਰਿਹਾ ਸੀ ਤਾਂ ਗੈਸ ਫਟ ਗਈ। ਉਹ ਆਪ ਤਾਂ ਕਿਸੇ ਤਰਾਂ ਮਰਨੋਂ ਬਚ ਗਿਆ ਪਰ ਬੇਸਮੈਂਟ ਅਤੇ ਘਰ ਦਾ ਕਾਫੀ ਹਿੱਸਾ ਬਰਬਾਦ ਹੋ ਗਿਆ। ਗੈਰ ਕਾਨੂੰਨੀ ਦੁਰਘਟਨਾ ਦੇ ਸਿੱਟੇ ਵਜੋਂ ਘਰ ਸੜ ਜਾਣ ਕਾਰਨ ਘਰ ਦੇ ਮਾਲਕ ਨੂੰ ਕੋਈ ਬੀਮਾ ਵੀ ਨਾ ਮਿਲਿਆ। ਖੁਦ ਤਾਂ ਅਗਲੀ ਫਲਾਈਟ ਰਾਹੀਂ ਡੀਪੋਰਟ ਹੋ ਗਿਆ, ਪਰ ਵਿਚਾਰੇ ਘਰ ਦੇ ਮਾਲਕ ਦਾ ਹਜ਼ਾਰਾਂ ਡਾਲਰਾਂ ਦਾ ਨੁਕਸਾਨ ਕਰ ਆਇਆ।

ਪੰਜਾਬੀ ਨੌਜਵਾਨਾਂ ਵੱਲੋਂ ਕੈਨੇਡਾ ਵਿੱਚ ਕੀਤੀਆਂ ਜਾ ਰਹੀਆਂ ਮਾੜੀਆਂ ਹਰਕਤਾਂ ਦੀ ਕੋਈ ਨਾ ਕੋਈ ਵੀਡੀਉ ਮਹੀਨੇ ਦਸਾਂ ਦਿਨਾਂ ਬਾਅਦ ਵਾਇਰਲ ਹੋ ਹੀ ਜਾਂਦੀ ਹੈ। ਕੁਝ ਦਿਨ ਪਹਿਲਾਂ ਇੱਕ ਮਾਰਕੀਟ ਵਿੱਚ ਵਿਦਿਆਡਰਥੀਆਂ ਦੇ ਦੋ ਧੜਿਆਂ ਵਿੱਚਕਾਰ ਜੰਮ ਕੇ ਹੋਈ ਲੜਾਈ ਦੌਰਾਨ ਖੁਲ੍ਹ ਕੇ ਕਿਰਪਾਨਾਂ ਦੀ ਵਰਤੋਂ ਕੀਤੀ ਗਈ ਸੀ।

ਸਰੀ ਵਿਖੇ ਹੋਈ ਇੱਕ ਹੋਰ ਘਟਨਾ ਵਿੱਚ ਪੰਜਾਬੀ ਨੌਜਵਾਨਾਂ ਦੇ ਇੱਕ ਇਕੱਠ ਵੱਲੋਂ ਪੁਲਿਸ ਦੀ ਗੱਡੀ ਘੇਰ ਕੇ ਅਫਸਰ ਨਾਲ ਮਾੜਾ ਵਿਵਹਾਰ ਕੀਤਾ ਜਾ ਰਿਹਾ ਸੀ। ਕੈਨੇਡੀਅਨ ਪੁਲਿਸ ਅਮਰੀਕੀ ਪੁਲਿਸ ਨਾਲੋਂ ਬਹੁਤ ਜਿਆਦਾ ਨਰਮ ਹੈ। ਉਥੇ ਤਾਂ ਪੁਲਿਸ ਵਾਲੇ ਅਜਿਹੀ ਹਰਕਤ ਕਰਨ 'ਤੇ ਗੋਲੀ ਚਲਾਉਣ ਲੱਗਿਆਂ ਮਿੰਟ ਲਗਾਉਂਦੇ ਹਨ। ਪਿਉ ਤੋਂ ਜ਼ਮੀਨਾ ਗਹਿਣੇ ਰਖਵਾ ਕੇ ਲੱਖਾਂ ਰੁਪਏ ਖਰਚਾ ਕੇ ਕੈਨੇਡਾ ਪਹੁੰਚੇ ਵਿਦਿਆਰਥੀ ਬਹੁਤ ਸ਼ਾਨ ਨਾਲ ਆਪਣੇ ਨਾਮ ਨਾਲ ਸਰਪੰਚ ਅਤੇ ਨੰਬਰਦਾਰ ਵਰਗੇ ਤਖੱਲਸ ਲਗਾਈ ਫਿਰਦੇ ਹਨ। ਪਰ ਗਲਤ ਹਰਕਤਾਂ ਕਰਨ ਕਾਰਨ ਅਜਿਹੇ ਕਈ ਪੰਚ, ਸਰਪੰਚ ਅਤੇ ਨੰਬਰਦਾਰ ਇੰਡੀਆ ਡੀਪੋਰਟ ਕੀਤੇ ਜਾ ਚੁੱਕੇ ਹਨ।

ਵਿਦੇਸ਼ਾਂ ਵਿੱਚ ਸੈਂਕੜੇ ਕੌਮੀਅਤਾਂ ਦੇ ਲੋਕ ਵੱਸਦੇ ਹਨ ਜੋ ਆਪਣੇ ਕੰਮ ਨਾਲ ਕੰਮ ਰੱਖਦੇ ਹਨ। ਪਰ ਪੰਜਾਬੀਆਂ ਨੂੰ ਕੁਝ ਜਿਆਦਾ ਹੀ ਮਰਨ ਮਿੱਟੀ ਚੜ੍ਹੀ ਹੋਈ ਹੈ। ਕੈਨੇਡਾ ਵਿੱਚ ਪੰਜਾਬੀਆਂ ਤੋਂ ਇਲਾਵਾ ਕਿਸੇ ਹੋਰ ਕੌਮ ਵੱਲੋਂ ਧਾਰਮਿਕ ਸਥਾਨ ਦੇ ਕਬਜ਼ੇ ਖਾਤਰ ਛਿੱਤਰੋ ਛਿੱਤਰੋ ਹੁੰਦੇ ਅਤੇ ਇੱਕ ਦੂਸਰੇ ਦੇ ਧਾਰਮਿਕ ਚਿੰਨ੍ਹਾਂ ਦੀ ਸ਼ਰੇਆਮ ਬੇਇੱਜ਼ਤੀ ਕਰਨ ਦੀ ਕਦੇ ਕੋਈ ਖਬਰ ਨਹੀਂ ਆਈ।

ਇਸ ਤੋਂ ਇਲਾਵਾ ਇੱਹ ਵੀ ਅਟੱਲ ਸੱਚਾਈ ਹੈ ਕਿ ਪੰਜਾਬੀ ਜਦੋਂ ਵੀ ਕੋਈ ਗਲਤੀ ਕਰਦੇ ਹਨ ਤਾਂ ਆਪਣੀ ਵੇਸ਼ ਭੂਸ਼ਾ ਕਾਰਨ ਦੂਰੋਂ ਹੀ ਪਹਿਚਾਣੇ ਜਾਂਦੇ ਹਨ। ਸਭ ਤੋਂ ਜਿਆਦਾ ਪੰਜਾਬੀ ਹੀ ਸੜਕਾਂ ਕਿਨਾਰੇ ਪਿਸ਼ਾਬ ਕਰਦੇ ਹੋਏ ਪਕੜੇ ਗਏ ਹਨ।

ਚੰਦ ਬੰਦਿਆਂ ਦੀਆਂ ਅਜਿਹੀਆਂ ਕਰਤੂਤਾਂ ਕਾਰਨ ਸਾਰੇ ਭਾਈਚਾਰੇ ਦਾ ਨਾਮ ਬਦਨਾਮ ਹੋ ਰਿਹਾ ਹੈ। ਇਸ ਕਾਰਨ ਹੀ ਕੈਨੇਡਾ ਸਰਕਾਰ ਸਖਤ ਹੁੰਦੀ ਜਾਂ ਰਹੀ ਹੈ। ਕੁਝ ਮਹੀਨਿਆਂ ਤੋਂ 8 ਬੈਂਡ ਲੈਣ ਵਾਲੇ ਵਿਦਿਆਰਥੀਆ ਦੇ ਵੀ ਸਟੂਡੈਂਟ ਵੀਜ਼ੇ ਰਿਜੈਕਟ ਹੋ ਰਹੇ ਹਨ। ਜੋ ਘਟੀਆ ਕਰਤੂਤ ਬਰੈਂਪਟਨ ਆਦਿ ਦੇ ਕੁਝ ਸਿਰ ਫਿਰਿਆਂ ਨੇ ਕੀਤੀ ਹੈ, ਉਸ ਤੋਂ ਲੱਗਦਾ ਨਹੀਂ ਕਿ ਭਵਿੱਖ ਵਿੱਚ ਕਦੇ ਕੈਨੇਡਾ ਵਿੱਚ ਕਿਸੇ ਨੂੰ ਦੀਵਾਲੀ ਸਮੇਂ ਪਟਾਖੇ ਚਲਾਉਣ ਦੀ ਅਗਿਆ ਦੁਬਾਰਾ ਮਿਲੇ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ-
ਪੰਡੋਰੀ ਸਿੱਧਵਾਂ 9501100062




ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ।ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ।ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ।ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

# '84 ਸਿੱਖ ਕਤਲੇਆਮ':ਉਹ ਸਿੱਖਾਂ ਨੂੰ ਘਰੋਂ ਕੱਢਦੇ, ਮਾਰਦੇ, ਤੇਲ ਛਿੜਕਦੇ ਤੇ ਅੱਗ ਲਾ ਦਿੰਦੇ:ਮੋਹਨ ਸਿੰਘ

ਦਿੱਲੀ:-ਇੰਦਰਾ ਗਾਂਧੀ ਦੇ ਕਤਲ ਤੋਂ ਅਗਲੇ ਦਿਨ 1 ਨਵੰਬਰ ਨੂੰ ਮੋਹਨ ਸਿੰਘ ਨਾਂ ਦੇ ਇੱਕ ਵਿਅਕਤੀ ਨੇ ਸਾਈਕਲ 'ਤੇ ਸਵਾਰ ਹੋ ਕੇ ਦਿੱਲੀ ਦੇ ਤ੍ਰਿਲੋਕਪੁਰੀ ਵਿੱਚ ਇੰਡੀਅਨ ਐਕਸਪ੍ਰੈਸ ਦੇ ਦਫ਼ਤਰ ਤੱਕ ਦਾ ਭਿਆਨਕ ਸਫ਼ਰ ਤੈਅ ਕੀਤਾ ਅਤੇ ਪੱਤਰਕਾਰਾਂ ਨੂੰ ਸਿੱਖਾਂ ਦੇ ਕਤਲੇਆਮ ਬਾਰੇ ਜਾਣਕਾਰੀ ਦਿੱਤੀ।

ਅਸੀਂ ਰਾਜਸਥਾਨ ਦੇ ਅਲਵਰ ਦੇ ਰਹਿਣ ਵਾਲੇ ਹਾਂ। ਸ਼ੁਰੂਆਤ 'ਚ ਅਸੀਂ ਸ਼ਾਹਦਰਾ ਦੇ ਕਸਤੂਰਬਾ ਗਾਂਧੀ ਨਗਰ 'ਚ ਰਹਿੰਦੇ ਸੀ। ਸਾਲ 1976 ਵਿੱਚ ਅਸੀਂ ਤ੍ਰਿਲੋਕਪੁਰੀ ਆਏ। ਤਿੰਨ ਪੁੱਤਰਾਂ ਸਣੇ ਸਾਡਾ ਪੂਰਾ ਪਰਿਵਾਰ ਉੱਥੇ ਤ੍ਰਿਲੋਕਪੁਰੀ 'ਚ ਰਹਿੰਦਾ ਸੀ। ਮੈਂ ਆਟੋ ਰਿਕਸ਼ਾ ਚਲਾਉਂਦਾ ਸੀ। ਉਹ 31 ਅਕਤੂਬਰ 1984 ਦੀ ਸ਼ਾਮ ਸੀ। ਮੈਂ ਰੇਡੀਓ ਅਤੇ ਟੀਵੀ 'ਤੇ ਇੰਦਰਾ ਗਾਂਧੀ ਦੀ ਮੌਤ ਦੀ ਖ਼ਬਰ ਸੁਣੀ। ਸ਼ੁਰੂਆਤ 'ਚ ਸਾਨੂੰ ਪਤਾ ਹੀ ਨਹੀਂ ਲੱਗਾ ਇਹ ਸਭ ਕਿਵੇਂ ਹੋਇਆ ਹੈ। ਉਸ ਤੋਂ ਬਾਅਦ ਅਸੀਂ ਸਰਦਾਰਾਂ ਦੇ ਖ਼ਿਲਾਫ਼ ਹਿੰਸਾ ਦੀ ਗੱਲ ਸੁਣੀ। ਸ਼ੁਰੂ 'ਚ ਸਭ ਤੋਂ ਵੱਧ ਹਿੰਸਾ ਸਫ਼ਦਰਜੰਗ ਹਸਪਤਾਲ ਕੋਲ ਹੋ ਰਹੀ ਸੀ। ਮੈਂ ਉਸੇ ਇਲਾਕੇ ਵਿੱਚ ਆਟੋ ਚਲਾਉਂਦਾ ਸੀ।

ਅਸੀਂ ਦੇਖਿਆ ਕਿ ਸਿੱਖ ਡਰਾਈਵਰਾਂ ਦੀਆਂ ਗੱਡੀਆਂ 'ਤੇ ਹਮਲੇ ਹੋ ਰਹੇ ਸਨ। ਕਈ ਲੋਕਾਂ ਨੇ ਸਾਨੂੰ ਘਰ ਵਾਪਸ ਜਾਣ ਦੀ ਸਲਾਹ ਦਿੱਤੀ। ਉਸ ਰਾਤ ਕੁਝ ਨਹੀਂ ਹੋਇਆ। ਦੰਗਾਈਆਂ ਨੇ ਚਾਰੇ ਪਾਸੇ ਭੰਨ-ਤੋੜ ਕਰਨੀ ਸ਼ੁਰੂ ਦਿੱਤੀ ਤੇ ਧੂੰਆ ਹੀ ਨਜ਼ਰ ਰਿਹਾ ਸੀ। ਦੂਜੇ ਦਿਨ 1 ਨਵੰਬਰ ਦੀ ਸਵੇਰ ਤੋਂ ਹੀ ਕਤਲੇਆਮ ਸ਼ੁਰੂ ਹੋ ਗਿਆ ਸੀ। ਘਰ ਦੇ ਨੇੜੇ ਸ਼ਕਰਪੁਰ ਇਲਾਕਾ ਸੀ। ਮੈਂ ਸਵੇਰੇ ਦੇਖਿਆ ਕਿ ਉੱਥੇ ਅੱਗ ਲੱਗੀ ਹੋਈ ਸੀ ਅਤੇ ਹਰੇਕ ਥਾਂ ਧੂੰਆਂ ਉਠ ਰਿਹਾ ਸੀ। ਅਸੀਂ ਤ੍ਰਿਲੋਕਪੁਰੀ ਦੇ 32 ਨੰਬਰ ਬਲਾਕ 'ਚ ਰਹਿੰਦੇ ਸੀ। ਬਲਾਕ ਨੰਬਰ 36 'ਚ ਗੁਰਦੁਆਰਾ ਸੀ। ਹਿੰਸਕ ਭੀੜ ਨੇ ਸਭ ਤੋਂ ਪਹਿਲਾਂ ਗੁਰਦੁਆਰੇ ਨੂੰ ਸਾੜਿਆ।

ਭੀੜ ਨੇ ਚਾਰੇ ਪਾਸੇ ਭੰਨ-ਤੋੜ ਕਰਨੀ ਸ਼ੁਰੂ ਕਰ ਦਿੱਤੀ। ਸਾਡੇ ਕੋਲ ਸੁਰੱਖਿਆ ਦਾ ਕੋਈ ਇੰਤਜ਼ਾਮ ਨਹੀਂ ਸੀ। ਡਰੇ ਸਹਿਮੇ ਲੋਕ ਆਪਣੇ ਘਰਾਂ ਵਿੱਚ ਲੁਕੇ ਬੈਠੇ ਸਨ। ਸ਼ਾਮ 6-7 ਵਜੇ ਕਤਲੇਆਮ ਸ਼ੁਰੂ ਹੋਇਆ। ਚਾਰੇ ਪਾਸੇ ਹਨੇਰਾ ਸੀ। ਬਿਜਲੀ, ਪਾਣੀ ਕੱਟ ਦਿੱਤਾ ਗਿਆ ਸੀ।

ਇਲਾਕੇ ਵਿੱਚ ਕਰੀਬ 200 ਲੋਕਾਂ ਦੀ ਭੀੜ ਇਕੱਠੀ ਹੋ ਗਈ ਸੀ। ਉਹ ਲੋਕਾਂ ਨੂੰ ਘਰੋਂ ਕੱਢਦੇ, ਮਾਰਦੇ ਅਤੇ ਫਿਰ ਉਨ੍ਹਾਂ 'ਤੇ ਤੇਲ ਪਾ ਕੇ ਅੱਗ ਲਗਾ ਦਿੰਦੇ।

ਤ੍ਰਿਲੋਕਪੁਰੀ ਦੀਆਂ ਤੰਗ ਗਲੀਆਂ ਕਾਰਨ ਲੋਕ ਚਾਹ ਕੇ ਵੀ ਭੱਜ ਨਹੀਂ ਸਕਦੇ ਸਨ। ਤਲਵਾਰਾਂ ਨਾਲ ਲੈਸ ਭੀੜ ਨੇ ਇਲਾਕੇ ਨੂੰ ਘੇਰਿਆ ਹੋਇਆ ਸੀ। ਰਾਤ ਦੇ ਕਰੀਬ ਸਾਢੇ ਨੌਂ ਵਜੇ ਮੈਂ ਆਪਣੇ ਵਾਲ ਕੱਟੇ ਅਤੇ ਫਿਰ ਮੈਂ ਕਿਸੇ ਤਰ੍ਹਾਂ ਬਚਦੇ-ਬਚਾਉਂਦੇ ਕਲਿਆਣਪੁਰੀ ਥਾਣੇ ਗਿਆ। ਥਾਣੇ ਵਿੱਚ ਮੈਂ ਪੁਲਿਸ ਨੂੰ ਦੱਸਿਆ ਕਿ ਸਾਡੇ ਬਲਾਕ 32 ਵਿੱਚ ਬਹੁਤ ਸਾਰੇ ਲੋਕ ਮਾਰੇ ਗਏ ਸਨ ਅਤੇ ਉੱਥੇ ਲੁੱਟ-ਖੋਹ ਜਾਰੀ ਹੈ। ਮੈਂ ਉਨ੍ਹਾਂ ਕੋਲੋਂ ਮਦਦ ਦੀ ਗੁਹਾਰ ਲਗਾਈ ਪਰ ਮਦਦ ਕਰਨ ਦੀ ਬਜਾਇ ਉਨ੍ਹਾਂ ਨੇ ਮੈਨੂੰ ਭਜਾ ਦਿੱਤਾ। ਉਨ੍ਹਾਂ ਨੇ ਮੈਨੂੰ ਕਿਹਾ ਤੁਸੀਂ ਵੀ ਇੱਕ ਸਰਦਾਰ ਹੋ, ਦਰਅਸਲ ਮੇਰੇ ਵਾਲ ਚੰਗੀ ਤਰ੍ਹਾਂ ਕੱਟੇ ਹੋਏ ਨਹੀਂ ਸਨ। ਫਿਰ ਮੈਂ ਆਪਣੇ ਰਿਸ਼ਤੇਦਾਰ ਦੀ ਸਾਈਕਲ ਲਈ ਅਤੇ ਮੈਂ ਆਈਟੀਓ (ਇਨਕਮ ਟੈਕਸ ਵਿਭਾਗ ਦਫ਼ਤਰ) ਚੌਰਾਹੇ ਵੱਲ ਨਿਕਲ ਗਿਆ। ਰਸਤੇ 'ਚ ਮੈਂ ਦੇਖਿਆ ਕਿ ਸਰਦਾਰਾਂ 'ਤੇ ਹਮਲੇ ਹੋ ਰਹੇ ਹਨ। ਸ਼ਕਰਪੁਰ 'ਚ ਇੱਕ ਹੋਰ ਗੁਰਦੁਆਰਾ ਸੜ ਰਿਹਾ ਸੀ। ਮੈਂ ਡਰਿਆ ਹੋਇਆ ਸੀ। ਅੱਗੇ ਵੀ ਮੌਤ ਸੀ ਅਤੇ ਪਿੱਛੇ ਵੀ ਮੌਤ, ਪਰ ਅਜਿਹੇ ਹਾਲਾਤ 'ਚ ਆਦਮੀ ਕੁਝ ਨਹੀਂ ਕਰ ਸਕਦਾ। ਜੇਕਰ ਮੈਂ ਤ੍ਰਿਲੋਕਪੁਰੀ 'ਚ ਰੁਕਦਾ ਤਾਂ ਉੱਥੇ ਵੀ ਮੌਤ ਦਾ ਖ਼ਤਰਾ ਸੀ। ਮੇਰੇ ਦੋ ਛੋਟੇ ਭਰਾ ਕੇਵਲ ਸਿੰਘ ਅਤੇ ਮੇਵਲ ਸਿੰਘ ਦੰਗੇ ਵਿੱਚ ਮਾਰੇ ਗਏ ਸਨ। ਆਈਟੀਓ ਚੌਰਾਹੇ 'ਤੇ ਰਸਤੇ ਵਿੱਚ ਪੁਲਿਸ ਦਾ ਹੈੱਡਕੁਆਟਰ ਪੈਂਦਾ ਹੈ। ਮੈਂ ਉੱਥੇ ਪਹੁੰਚਿਆ। ਮੈਂ ਪੁਲਿਸ ਨੂੰ ਇਲਾਕੇ ਦੇ ਹਾਲਾਤ ਬਾਰੇ ਦੱਸਿਆ ਅਤੇ ਕਿਸੇ ਅਫ਼ਸਰ ਨਾਲ ਮਿਲਣ ਦੀ ਇਜ਼ਾਜਤ ਮੰਗੀ। ਪਰ ਮੈਨੂੰ ਕਿਸੇ ਨਾਲ ਵੀ ਮਿਲਣ ਨਹੀਂ ਦਿੱਤਾ। ਮੈਂ ਸੋਚਿਆਂ ਕਿ ਜੇਕਰ ਮੈਂ ਵਾਪਸ ਗਿਆ ਤਾਂ ਉੱਥੇ ਵੀ ਦੰਗਾਕਾਰੀਆਂ ਦੇ ਹੱਥੋਂ ਮਾਰੇ ਜਾਣ ਦਾ ਡਰ ਸੀ। ਕੋਲ ਹੀ ਇੰਡੀਅਨ ਐਕਸਪ੍ਰੈਸ ਅਖ਼ਬਾਰ ਦਾ ਦਫ਼ਤਰ ਸੀ। ਉੱਥੇ ਕੰਮ ਕਰਨ ਵਾਲੇ ਪੱਤਰਕਾਰ ਰਾਹੁਲ ਬੇਦੀ ਅਤੇ ਆਲੋਕ ਤੋਮਰ ਮੇਰੇ ਜਾਣਕਾਰ ਸਨ। ਉੱਥੇ ਮੈਂ ਉਨ੍ਹਾਂ ਨੂੰ ਆਪਣੀ ਸਾਰੀ ਕਹਾਣੀ ਦੱਸੀ ਅਤੇ ਮਦਦ ਮੰਗੀ।

ਉਸ ਵੇਲੇ ਰਾਤ ਦੇ ਕਰੀਬ ਸਾਢੇ 11 ਵੱਜ ਗਏ ਸਨ। ਰਾਹੁਲ ਬੇਦੀ ਨੇ ਇੱਕ ਡੀਆਈਜੀ ਜਾਟਵ ਸਾਹਬ ਨੂੰ ਫੋਨ ਕੀਤਾ। ਉਨ੍ਹਾਂ ਨੇ ਜਾਟਵ ਸਾਬ੍ਹ ਨੂੰ ਕਿਹਾ ਇੱਕ ਪਾਸੇ ਤਾਂ ਪੁਲਿਸ ਦਾਅਵਾ ਕਰ ਰਹੀ ਹੈ ਕਿ ਦਿੱਲੀ 'ਚ ਦੰਗੇ ਨਹੀਂ ਹੋ ਰਹੇ ਅਤੇ ਦੂਜੇ ਪਾਸੇ ਉਨ੍ਹਾਂ ਦੇ ਦਫ਼ਤਰ ਵਿੱਚ ਇੱਕ ਵਿਅਕਤੀ ਸੈਂਕੜੇ ਲੋਕਾਂ ਦੇ ਮਾਰੇ ਜਾਣ ਦੀ ਗੱਲ ਕਰ ਰਿਹਾ ਹੈ। ਫਿਰ ਉਹ ਗੱਡੀ ਲੈ ਕੇ ਇਲਾਕੇ ਵੱਲ ਚੱਲ ਪਏ ਪਰ ਰਸਤੇ ਵਿੱਚ ਉਨ੍ਹਾਂ ਦੀ ਗੱਡੀ ਨੂੰ ਸਾੜ ਦਿੱਤਾ। ਉਨ੍ਹਾਂ ਨੇ ਮੈਨੂੰ ਵਾਪਸ ਤ੍ਰਿਲੋਕਪੁਰੀ ਨਹੀਂ ਜਾਣ ਦਿੱਤਾ। ਉਨ੍ਹਾਂ ਨੇ ਕਿਹਾ ਤੁਸੀਂ ਵਾਪਸ ਨਾ ਜਾਓ ਕਿਉਂਕਿ ਵਾਪਸ ਜਾਣ 'ਤੇ ਮੈਨੂੰ ਪਛਾਣ ਲਏ ਜਾਣ ਦਾ ਡਰ ਸੀ। ਉਨ੍ਹਾਂ ਨੇ ਸਾਡੀ ਕਾਫੀ ਮਦਦ ਕੀਤੀ। ਮੈਂ ਅਗਲੇ 2-3 ਦਿਨ ਦਫ਼ਤਰ 'ਚ ਗੁਜਾਰੇ, ਪਰਿਵਾਰ ਬਾਰੇ ਮੈਨੂੰ ਕੋਈ ਪਤਾ ਨਹੀਂ ਸੀ। ਮੈਂ ਕਈ ਗੁਰਦੁਆਰਿਆਂ ਵਿੱਚ ਪਰਿਵਾਰ ਨੂੰ ਲੱਭਦਾ ਰਿਹਾ। ਫਿਰ ਫਰਸ਼ ਬਾਜ਼ਾਰ ਵਿੱਚ ਲੱਗੇ ਕੈਂਪ ਬਾਰੇ ਪਤਾ ਲੱਗਾ, ਜਿੱਥੇ ਮੇਰਾ ਪਰਿਵਾਰ ਸੀ। ਆਲੋਕ ਤੋਮਰ ਅਤੇ ਇੰਡੀਅਨ ਐਕਸਪ੍ਰੈਸ ਦਾ ਦੂਜਾ ਸਟਾਫ ਮੈਨੂੰ ਫਰਸ਼ ਬਾਜ਼ਾਰ ਦੇ ਕੈਂਪ ਤੱਕ ਛੱਡ ਕੇ ਆਏ। ਕੈਂਪ ਵਿੱਚ ਨਾ ਤਾਂ ਕਿਸੇ ਦੇ ਕੋਲ ਪਹਿਨਣ ਲਈ ਕੱਪੜਾ ਸੀ, ਨਾ ਖਾਣ ਲਈ ਰੋਟੀ।



ਮੈਂ ਭੱਜ-ਦੌੜ ਕਰਕੇ ਲੋਕਾਂ ਨੂੰ ਬਿਸਤਰੇ ਮੁਹੱਈਆ ਕਰਵਾਏ। ਕਰੀਬ 15-20 ਦਿਨਾਂ ਬਾਅਦ ਘਰ ਦੀ ਹਾਲਤ ਦੇਖਣ ਅਸੀਂ ਵਾਪਸ ਤ੍ਰਿਲੋਕਪੁਰੀ ਗਏ। ਉੱਥੇ ਸਾਰੇ ਘਰ ਸੜੇ ਹੋਏ ਸਨ। ਕਰੀਬ ਡੇਢ ਸਾਲ ਕੈਂਪ ਵਿੱਚ ਰਹਿਣ ਤੋਂ ਬਾਅਦ ਅਸੀਂ 1985 'ਚ ਤਿਲਕ ਵਿਹਾਰ (ਪੱਛਮੀ ਦਿੱਲੀ) ਆ ਗਏ।

## ਅੰਮ੍ਰਿਤਪਾਲ ਸਿੰਘ ਅਸਲਾ ਵਿਖਾ ਕੇ ਪੰਜਾਬ ਦੇ ਲੋਕਾਂ ਨੂੰ ਡਰਾ ਰਿਹੈ:ਐੱਮਪੀ ਬਿੱਟੂ

ਲੁਧਿਆਣਾ: ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਅੰਮ੍ਰਿਤਪਾਲ ਤੇ ਉਸ ਦੇ ਹਮਾਇਤੀ ਪੰਜਾਬ ਵਿਚ ਡਰ ਦਾ ਮਾਹੌਲ ਬਣਾ ਰਹੇ ਹਨ। ਅਸਲਾ ਵਿਖਾ ਕੇ ਲੋਕਾਂ ਨੂੰ ਡਰਾਇਆ ਜਾ ਰਿਹਾ ਹੈ। 'ਦਰਬਾਰ ਸਾਹਿਬ ਅੰਮ੍ਰਿਤਸਰ ਜਿਹੀ ਪਵਿੱਤਰ ਜਗ੍ਹਾ 'ਤੇ ਅੰਮ੍ਰਿਤਪਾਲ ਦੇ ਨਾਲ ਉਸ ਦੇ ਹਮਾਇਤੀ ਬੰਦੂਕਾਂ ਲਹਿਰਾ ਕੇ ਘੁੰਮ ਫਿਰ ਰਹੇ ਸਨ। ਗੁਰੂ ਘਰ ਵਿਚ ਬੰਦੂਕਾਂ ਲੈ ਕੇ ਜਾਣਾ ਸਰਾਸਰ ਗ਼ਲਤ ਹੈ ਪਰ ਇਸ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ਾਮੋਸ਼ ਕਿਉਂ ਹੈ। ਜਦੋਂ ਇਹੀ ਲੋਕ ਬੰਦੂਕਾਂ ਲੈ ਕੇ ਡੇਰੇ ਬਣਾਉਣਗੇ, ਆਪਣੇ ਅੱਡੇ ਕਾਇਮ ਕਰਨਗੇ ਤਾਂ ਫਿਰ ਸਰਕਾਰ ਨੂੰ ਤਕਲੀਫ਼ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲੇ ਇਨ੍ਹਾਂ ਵਿਅਕਤੀਆਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ। ਅਸਲਾ ਕਲਚਰ ਨੂੰ ਖ਼ਤਮ ਕਰਨ ਲਈ ਸਖ਼ਤ ਸਟੈਂਡ ਲੈਣ ਦੀ ਜ਼ਰੂਰਤ ਹੈ। ਜੇ ਹਕੂਮਤ ਸਖ਼ਤ ਸਟੈਂਡ ਨਹੀਂ ਲੈਂਦੀ ਤਾਂ ਆਉਂਦੇ ਦਿਨੀਂ ਸੂਬੇ ਦੇ ਹਾਲਾਤ ਖ਼ਰਾਬ ਹੋ ਸਕਦੇ ਹਨ। ਸਰਕਾਰ ਦੀ ਖ਼ਾਮੋਸ਼ੀ ਵੇਖ ਕੇ ਜਾਪਦਾ ਹੈ ਕਿ ਉਨ੍ਹਾਂ ਕੋਲ ਕਾਰਵਾਈ ਕਰਨ ਦੀ ਹਿੰਮਤ ਨਹੀਂ ਹੈ। ਭਾਈ ਅਮ੍ਰਿਤਪਾਲ ਸਿੰਗ ਨੇ ਬਿੱਟੂ ਦਾ ਜੁਆਬ ਦਿੰਦਿਅ ਾਕਿਹਾ ਕਿ ਤੁਹਾਡੀ ਲੀਡਰ ਇੰਦਰਾਂ ਗਾਂਧੀ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਵਾਇਆ ਉਹ ਤੁਹਾਨੂੰ ਯਾਦ ਨਹੀਂ ਪਰ ਜੇ ਅਸੀਂ ਆਪਣੀ ਸਵੈ ਰੱਖਿਆ ਲਈ ਹਥਿਆਰ ਰੱਖੇ ਹਨ ਕਿਸੇ ਨੂੰ ਮਾਰਨ ਵਾਸਤੇ ਨਹੀਂ ਹਨ ਇਨਾ ਤੋਂ ਤੁਹਾਨੂੰ ਤਕਲੀਫ ਹੁੰਦੀ ਹੈ।


# Injured in an accident?
# ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# GURU ANGAD DEV ELEMENTARY

**13479 77 Ave, Surrey, BC V3W 6Y1**

**(604) 595-0888** info@gadschool.com

## ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ



**ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਸਰੀ ਦੀ ਮੈਨੇਜਮੈਂਟ, ਪ੍ਰਿੰਸੀਪਲ, ਸਟਾਫ ਅਤੇ ਬੱਚਿਆਂ ਵੱਲੋਂ ਸਾਰੀ ਕਮਿਊਨਿਟੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਬਹੁਤ-ਬਹੁਤ ਵਧਾਈਆਂ**




ORDER NOW
CRICKET
FIELD HOCKEY
NYAYA
APPAREL
Bullet Club
PB 29 WALE
KABADDI
SUPPORT
A GREAT CHARITY
WITH YOUR PURCHASE
UNITED SIKHS
Recognize The Human Race as One
NYAYATEES.COM
HUNDREDS OF DESIGNS TO CHOOSE FROM FREE SHIPPING WORLDWIDE

# ਗੁਰਦੁਆਰਾ ਸੁਖਸਾਗਰ ਖ਼ਾਲਸਾ ਦੀਵਾਨ ਸੁਸਾਇਟੀ ਨਿਊਵੈਸਟ ਵਿਖੇ 14ਵਾਂ ਗੁਰਬਾਣੀ ਕੰਠ ਮੁਕਾਬਲਾ ਸੰਪੰਨ












ਨਿਊਵੈਸਟ:ਗੁਰਦੁਆਰਾ ਸੁੱਖ ਸਾਗਰ ਨਿਊ ਵੈਸਟ ਵਿਖੇ 14 ਵਾਂ ਗੁਰਬਾਣੀ ਕੰਠ ਮੁਕਾਬਲਾ ਸਫਲਤਾਪੂਰਵਕ ਕਰਵਾਇਆ ਗਿਆ ਜਿਸ ਵਿੱਚ ਕੁੱਲ 400 ਦੇ ਕਰੀਬ ਬੱਚਿਆਂ ਨੇ ਭਾਗ ਲਿਆ।ਬੱਚਿਆਂ ਦੀ ਉਮਰ ਦੇ ਹਿਸਾਬ ਨਾਲ ਵੱਖ ਵੱਖ ਗਰੁਪ ਬਣਾਏ ਗਏ।ਉਮਰ ਦੇ ਹਿਸਾਬ ਨਾਲ ਬਣਾਏ ਗਏ ਸਲੇਬਸ ਅਨੁਸਾਰ ਬੱਚਿਆਂ ਨੇ ਗੁਰਬਾਣੀ ਸੁਣਾ ਕੇ ਆਪਣੇ ਗੁਰੂ ਪ੍ਰਤੀ ਪਿਆਰ ਦਾ ਪ੍ਰਗਟਾਵਾ ਕੀਤਾ। ਪ੍ਰਬੰਧਕਾਂ ਵੱਲੋਂ ਇਸ ਪ੍ਰੋਗਰਾਮ ਨੂੰ ਲੈ ਕੇ ਬਹੁਤ ਵਧੀਆ ਪ੍ਰਬੰਧ ਕੀਤੇ ਹੋਏ ਸਨ। ਜਿਸ ਦਾ ਸਦਕਾ ਹਰ ਸਾਲ ਗੁਰਬਾਣੀ ਕੰਠ ਮੁਕਾਬਲੇ ਵਿੱਚ ਬੱਚਿਆਂ ਦੀ ਗਿਣਤੀ ਵੱਧ ਰਹੀ ਹੈ।ਅੱਠ ਗਰੁੱਪ ਤੱਕ ਬਣਾ ਕੇ ਬੱਚਿਆਂ ਦੀ ਗਿਣਤੀ ਦੇ ਹਿਸਾਬ ਨਾਲ ਗੁਰਬਾਣੀ ਸੁਣਨ ਵਾਲੇ ਜੱਜਾਂ ਦੀ ਡਿਊਟੀ ਲਗਾਈ ਗਈ।ਗੁਰੂਘਰ ਵੱਲੋਂ ਜਿੱਤੇ ਹੋਏ ਹਰੇਕ ਗਰੁੱਪ ਦੇ ਬੱਚਿਆਂ ਨੂੰ ਦਿਲ ਖਿੱਚਵੇਂ ਇਨਾਮ ਤਾਂ ਦਿੱਤੇ ਹੀ ਗਏ ਇਸ ਤੋਂ ਇਲਾਵਾ ਭਾਗ ਲੈਣ ਵਾਲੇ ਹਰ ਬੱਚੇ ਨੂੰ ਵੀ ਵਧੀਆ ਇਨਾਮ ਵੰਡੇ ਗਏ। ਮਿਸ਼ਨ ਬੈਲਿੰਗਹੈਮ, ਵੈਨਕੂਵਰ, ਐਬਸਫੋਰਡ, ਬਰਨਬੀ, ਡੈਲਟਾ, ਸਰੀ ਤੋਂ ਭਾਗ ਲੈਣ ਲਈ ਪਹੁੰਚੇ ਬੱਚਿਆਂ ਨੂੰ ਐਪਲ ਲੈਪਟਾਪ, ਐਪਲ ਟੈਬਲੈੱਟ, ਨੋਟ ਪੈਡ ਅਤੇ ਇਲੈਕਟ੍ਰੋਨਿਕ ਸਾਮਾਨ ਦੇ ਕੇ ਉਤਸ਼ਾਹਤ ਕੀਤਾ ਗਿਆ। ਗੁਰੂਘਰ ਦੇ ਪ੍ਰਬੰਧਕਾਂ ਵੱਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਤੇ ਅੱਗੇ ਤੋਂ ਇਸੇ ਤਰ੍ਹਾਂ ਸੰਗਤਾਂ ਨੂੰ ਸਹਿਯੋਗ ਦੇਣ ਲਈ ਬੇਨਤੀ ਕੀਤੀ ਗਈ।ਉਨ੍ਹਾਂ ਕਿਹਾ ਕਿ ਗੁਰੂ ਘਰ ਦੇ ਸੇਵਾਦਾਰਾਂ ਵੱਲੋਂ ਇਸ ਤਰ੍ਹਾਂ ਬੱਚਿਆਂ ਦੇ ਪ੍ਰੋਗਰਾਮ ਕਰਵਾਉਣ ਲਈ ਵਚਨਬੱਧ ਹਾਂ। ਸਮੇਂ ਦੀ ਲੋੜ ਹੈ ਅਸੀਂ ਆਪਣੀ ਨਵੀਂ ਆਉਣ ਵਾਲੀ ਪੀੜ੍ਹੀ ਨੂੰ ਗੁਰੂ ਘਰ ਅਤੇ ਗੁਰਬਾਣੀ ਨਾਲ ਜੋੜ ਸਕੀਏ।ਅਖੀਰ ਵਿੱਚ ਸਭ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।




ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

# ਖਾਲਸਾ ਦੀਵਾਨ ਸੁਸਾਇਟੀ

8000 Ross Street, Vancouver, B.C., Canada, V5X 4C5
Ph. (604) 568-9500, (604) 324-2010, FAX : (604) 322-0504

## ਸ੍ਰੀ ਗੁਰੂ ਨਾਨਕ ਦੇਵ ਜੀ ਦੇ
## 553ਵੇਂ ਪ੍ਰਕਾਸ਼ ਪੁਰਬ
## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸਾਹਿਬ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 06 ਨਵੰਬਰ, ਦਿਨ ਐਤਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ : 08 ਨਵੰਬਰ, ਦਿਨ ਮੰਗਲਵਾਰ ਸਵੇਰੇ 9:30 ਵਜੇ


ਆਰੰਭ ਸ੍ਰੀ ਅਖੰਡ ਪਾਠ ਸਾਹਿਬ : 11 ਨਵੰਬਰ, ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ : 13 ਨਵੰਬਰ, ਦਿਨ ਐਤਵਾਰ ਸਵੇਰੇ 9:30 ਵਜੇ

ਉਪਰੰਤ ਧਾਰਮਿਕ ਦੀਵਾਨ ਸੱਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਲੰਗਰਾਂ ਦੀ ਸੇਵਾ ਸਮੂਹ ਸਾਧ ਸੰਗਤ ਅਤੇ ਸ਼ਰਧਾਲੂ ਪਰਿਵਾਰਾਂ ਵਲੋਂ ਹੋਵੇਗੀ

ਵਲੋਂ : ਸਮੂਹ ਪ੍ਰਬੰਧਕ ਕਮੇਟੀ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ (ਬੀ.ਸੀ.)

| | | | |
|---|---|---|---|
| ਮਲਕੀਤ ਸਿੰਘ ਧਾਮੀ ਪ੍ਰਧਾਨ<br>604-728-8548 | ਕੁਲਦੀਪ ਸਿੰਘ ਥਾਂਦੀ ਖਜ਼ਾਨਚੀ<br>604-377-3114 | ਜਰਨੈਲ ਸਿੰਘ ਭੰਡਾਲ ਜਰਨਲ ਸਕੱਤਰ<br>604-722-6544 | ਗਿਆਨੀ ਹਰਮਿੰਦਰਪਾਲ ਸਿੰਘ<br>778-706-5166 |




# Carla Qualtrough

Member of Parliament for Delta



Constituency Office

5064 48 Avenue
Delta, BC V4K 1V8
778-593-4007

carla.qualtrough@parl.gc.ca

# ਰੱਬ ਦਾ ਭਾਣਾ ਜਾਂ ਘਪਲੇਬਾਜ਼ਾਂ ਦਾ...

ਨਵੀਂ ਦਿੱਲੀ:ਗੁਜਰਾਤ ਦੇ ਵਿਕਾਸ ਮਾਡਲ ਦੇ ਘਾੜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੋਕ ਪੁੱਛ ਰਹੇ ਹਨ ਕਿ ਮੋਰਬੀ ਪੁਲ ਦੀ ਤ੍ਰਾਸਦੀ ਰੱਬ ਦਾ ਭਾਣਾ ਹੈ ਜਾਂ ਘਪਲੇਬਾਜ਼ਾਂ ਦਾ ਭਾਣਾ (ਐਕਟ ਆਫ ਗੌਡ ਜਾਂ ਐਕਟ ਆਫ ਫਰੌਡ)। ਦਰਅਸਲ ਐਕਟ ਆਫ ਗੌਡ ਜਾਂ ਐਕਟ ਆਫ ਫਰੌਡ ਨੂੰ ਸਭ ਤੋਂ ਪਹਿਲਾਂ ਮੋਦੀ ਨੇ ਹੀ ਇਕ ਹਾਦਸੇ ਨੂੰ ਲੈ ਕੇ ਇਸਤੇਮਾਲ ਕੀਤਾ ਸੀ। 2016 ਦੀਆਂ ਪੱਛਮੀ ਬੰਗਾਲ ਚੋਣਾਂ ਤੋਂ ਪਹਿਲਾਂ 31 ਮਾਰਚ 2016 ਨੂੰ ਕੋਲਕਾਤਾ ਵਿਚ ਵਿਵੇਕਾਨੰਦ ਰੋਡ ਫਲਾਈਓਵਰ ਡਿੱਗਣ ਨਾਲ 27 ਲੋਕ ਮਾਰੇ ਗਏ ਸਨ। ਮੁੱਖ ਮੰਤਰੀ ਮਮਤਾ ਬੈਨਰਜੀ ਸੀ। ਉਦੋਂ ਪ੍ਰਧਾਨ ਮੰਤਰੀ ਨੇ ਕਟਾਖਸ਼ ਕਰਦਿਆਂ ਕਿਹਾ ਸੀ—ਇਹ ਕਹਿੰਦੇ ਹਨ ਕਿ ਇਹ ਤਾਂ ਐਕਟ ਆਫ ਗੌਡ ਹੈ। ਦੀਦੀ, ਇਹ ਐਕਟ ਆਫ ਗੌਡ ਨਹੀਂ, ਇਹ ਤਾਂ ਐਕਟ ਆਫ ਫਰੌਡ ਹੈ, ਫਰੌਡ । ਇਹ ਐਕਟ ਆਫ ਫਰੌਡ ਦਾ ਨਤੀਜਾ ਹੈ। ਚੋਣਾਂ ਦੇ ਦਿਨਾਂ ਵਿਚ ਡਿੱਗਿਆ ਹੈ ਤਾਂ ਕਿ ਪਤਾ ਚੱਲੇ ਕਿ ਤੁਸੀ ਕਿਵੇਂ ਸਰਕਾਰ ਚਲਾਈ ਹੈ। ਇਸ ਲਈ ਰੱਬ ਨੇ ਲੋਕਾਂ ਨੂੰ ਸੰਦੇਸ਼ ਦਿੱਤਾ ਹੈ ਕਿ ਅੱਜ ਇਹ ਪੁਲ ਟੁੱਟਾ ਹੈ, ਕੱਲ੍ਹ ਪੂਰੇ ਬੰਗਾਲ ਨੂੰ ਖਤਮ ਕਰ ਦੇਵੇਗੀ। ਇਸ ਨੂੰ ਬਚਾਓ, ਇਹ ਰੱਬ ਨੇ ਸੰਦੇਸ਼ ਭੇਜਿਆ ਹੈ। ਲੋਕ ਹੁਣ ਮੋਦੀ ਨੂੰ ਉਨ੍ਹਾ ਦੀ ਇਹ ਟਿੱਪਣੀ ਚੇਤੇ ਕਰਾ ਰਹੇ ਹਨ। ਉੱਘੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਟਵੀਟ ਕਰਕੇ ਪੁੱਛਿਆ ਹੈ—ਮੋਦੀ ਜੀ, ਮੋਰਬੀ ਪੁਲ ਹਾਦਸਾ ਐਕਟ ਆਫ ਗੌਡ ਹੈ ਜਾਂ ਐਕਟ ਆਫ ਫਰੌਡ?ਤਿਲੰਗਾਨਾ ਰਾਸ਼ਟਰ ਸਮਿਤੀ ਦੇ ਸੋਸ਼ਲ ਮੀਡੀਆ ਕਨਵੀਨਰ ਵਾਈ ਐੱਸ ਆਰ ਨੇ ਲਿਖਿਆ ਹੈ—ਚੋਣਾਂ ਤੋਂ ਕੁਝ ਹੀ ਹਫਤੇ ਪਹਿਲਾਂ ਗੁਜਰਾਤ ਵਿਚ ਸਸਪੈਂਸ਼ਨ ਬਰਿੱਜ ਢਹਿ ਗਿਆ ਅਤੇ ਮੋਦੀ ਜੀ ਦਾ ਸਾਰਿਆਂ ਲਈ ਸੰਦੇਸ਼ ਹੈ—ਕਰਮ ਦਾ ਫਲ ਮਿਲਦਾ ਹੈ। ਰਿਟਾਇਰਡ ਆਈ ਏ ਐੱਸ ਸੂਰੀਆ ਪ੍ਰਤਾਪ ਸਿੰਘ ਨੇ ਟਵੀਟ ਕੀਤਾ ਹੈ—ਦੁਰਘਟਨਾ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਇਹੀ ਗੱਲ ਤਾਂ 2016 ਦੀਆਂ ਬੰਗਾਲ ਚੋਣਾਂ ਦੌਰਾਨ ਇਕ ਪੁਲ ਟੁੱਟਣ 'ਤੇ ਪੀ ਐੱਮ ਮੋਦੀ ਨੇ ਕਹੀ ਸੀ। ਸੁਣ ਤਾਂ ਲਓ, ਸ਼ਾਇਦ ਆਇਨਾ ਵੀ ਸ਼ਰਮਾ ਜਾਏ। ਪਰ ਉਪਦੇਸ਼ ਕੁਸ਼ਲ ਬਹੁਤੇਰੇ।


**metro**vancouver | AIR QUALITY & CLIMATE CHANGE

## ਰੈਜ਼ੀਡੈਂਸ਼ੀਅਲ ਇੰਨਡੋਰ ਵੁੱਡ ਬਰਨਿੰਗ ਬਾਇਲਾਅ 1303: ਅੰਦਰਵਾਰ ਲੱਕੜੀ ਬਾਲਣ ਸਬੰਧੀ ਨਵੀਆਂ ਜ਼ਰੂਰਤਾਂ

ਜੇਕਰ ਤੁਸੀਂ ਮੈਟਰੋ ਵੈਨਕੂਵਰ ਵਿੱਚ ਇੱਕ ਰਿਹਾਇਸ਼ ਵਿਚ ਅੰਦਰਵਾਰ ਲੱਕੜੀ ਬਾਲਣ ਵਾਲਾ ਉਪਕਰਣ ਚਲਾਉਂਦੇ ਹੋ, ਤਾਂ ਤੁਹਾਡੇ ’ਤੇ ਰੈਜ਼ੀਡੈਂਸ਼ੀਅਲ ਇਨਡੋਰ ਵੁੱਡ ਬਰਨਿੰਗ ਐਮਿਸ਼ਨ ਰੈਗੂਲੇਸ਼ਨ ਬਾਇਲਾਅ ਨੰ. 1303 (ਬਾਇਲਾਅ 1303) ਲਾਗੂ ਹੁੰਦਾ ਹੈ।

**ਤੁਹਾਨੂੰ ਕੀ ਜਾਣਨ ਦੀ ਲੋੜ ਹੈ:**

15 ਸਤੰਬਰ, 2022 ਤੋਂ, ਇੱਕ ਰਿਹਾਇਸ਼ੀ ਅੰਦਰਵਾਰ ਲੱਕੜੀ ਬਾਲਣ ਵਾਲਾ ਉਪਕਰਣ ਚਲਾਉਣ ਤੋਂ ਪਹਿਲਾਂ, ਨਿਵਾਸੀਆਂ ਨੂੰ:

- ਸਰਵੋਤਮ ਸਾੜਨ ਦੇ ਅਭਿਆਸਾਂ ਦੀ ਘੋਸ਼ਣਾ ਪੇਸ਼ ਕਰੋ
- ਯੋਗ ਉਪਕਰਣਾਂ ਨੂੰ ਰਜਿਸਟਰ ਕਰੋ ਜੋ ਸ਼ਹਿਰੀ ਰੋਕਥਾਮ ਸੀਮਾ ਦੇ ਅੰਦਰ ਸ਼ਾਮਲ ਹਨ

**ਲੱਕੜ ਸਾੜਨ ਦੇ ਯੋਗ ਉਪਕਰਣਾਂ ਵਿੱਚ ਸ਼ਾਮਲ ਹਨ:**

- ਲੱਕੜ ਦੇ ਸਟੋਵ ਅਤੇ ਇਨਸਰਟਸ ਜੋ ਧੂੰਏਂ ਦੇ ਮਿਆਰਾਂ ਨੂੰ ਪੂਰਾ ਕਰਦੇ ਹਨ
- ਉਪਕਰਣ ਜੋ ਧੂੰਏਂ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ (ਜਿਵੇਂ ਕਿ ਓਪਨ ਫਾਇਰਪਲੇਸ) ਜਾਂ ਫਿਰ ਇਨ੍ਹਾਂ 'ਚੋ:
  - ਘਰ ਵਿਚ ਘਰ ਨੂੰ ਗਰਮ ਕਰਨ ਦਾ ਇੱਕੋ ਇੱਕ ਸਰੋਤ
  - ਉਪਰਕਣ ਵਿਸ਼ੇਸ਼ ਤੌਰ ’ਤੇ ਜੋ ਲੱਕੜਾਂ ਬਾਲ ਕੇ ਚਲਾਇਆ ਜਾਂਦਾ ਹੈ

**ਆਪਣੀ ਘੋਸ਼ਣਾ ਕਿਵੇਂ ਦਰਜ ਕਰਵਾਉਣੀ ਹੈ ਅਤੇ ਆਪਣੇ ਉਪਕਰਣਾਂ ਨੂੰ ਕਿਵੇਂ ਰਜਿਸਟਰ ਕਰਨਾ ਹੈ:**

- QR ਕੋਡ ਦੀ ਵਰਤੋਂ ਕਰੋ, ਜਾਂ **metrovancuover.org** ’ਤੇ ਜਾਓ ਅਤੇ 'ਰੈਜ਼ੀਡੈਂਸ਼ੀਅਲ ਵੁੱਡ ਬਰਨਿੰਗ’ ਦੀ ਖੋਜ ਕਰੋ।
- ਪੇਪਰ ਫਾਰਮ ਦੀ ਬੇਨਤੀ ਕਰਨ ਲਈ **604-451-6677** ’ਤੇ ਕਾਲ ਕਰੋ ਜਾਂ **riwb@metrovancuover.org** ’ਤੇ ਈਮੇਲ ਕਰੋ।

ਬਾਈਲਾਅ 1303 ਦਾ ਮਕਸਦ ਰਿਹਾਇਸ਼ੀ ਘਰ ਅੰਦਰ ਲੱਕੜ ਨੂੰ ਸਾੜਨ ਦੇ ਧੂੰਏਂ ਕਾਰਨ ਜਨਤਕ ਸਿਹਤ ਅਤੇ ਵਾਤਾਵਰਣ ’ਤੇ ਪ੍ਰਭਾਵ ਨੂੰ ਘਟਾਉਣਾ ਹੈ। ਵਸਨੀਕ ਜੋ ਲੱਕੜ ਨੂੰ ਸਾੜਨ ਵਾਲੇ ਉਪਕਰਣਾਂ ਦੀ ਵਰਤੋਂ ਕਰਦੇ ਹਨ, ਉਹਨਾਂ ਨੂੰ ਬਾਈਲਾਅ 1303 ਵਿੱਚ ਪ੍ਰੀਭਾਸ਼ਿਤ ਕੀਤੇ "ਬੈਸਟ ਬਰਨਿੰਗ ਪ੍ਰੈਕਟਿਸਿਸ" ਵਾਲੇ ਉਪਕਰਣਾਂ ਵਰਤੋਂ ਕਰਨੀ ਚਾਹੀਦੀ ਹੈ।

ਮੈਟਰੋ ਵੈਨਕੂਵਰ ਲੱਕੜ ਦੇ ਸਟੋਵ ਐਕਸਚੇਂਜ ਪ੍ਰੋਗਰਾਮ ਦੀ ਪੇਸ਼ਕਸ਼ ਕਰਦਾ ਹੈ ਤਾਂ ਜੋ ਲੱਕੜ ਨੂੰ ਸਾੜਨ ਵਾਲੇ ਉਪਕਰਣਾਂ ਚੋਂ ਨਿਕਲਦੇ ਧੂੰਏਂ ਨੂੰ ਘੱਟ ਕੀਤਾ ਜਾ ਸਕੇ। ਹੋਰ ਜਾਣਕਾਰੀ ਲਈ, metrovancuover.org ’ਤੇ ਜਾਓ ਅਤੇ 'ਵੁੱਡ ਸਟੋਵ ਐਕਸਚੇਂਜ’ ਦੀ ਖੋਜ ਕਰੋ।


# ਖਤਰਨਾਕ ਵਰਤਾਰਾ

ਪੰਜਾਬ ਨਾਲ ਸਭ ਤੋਂ ਖਤਰਨਾਕ ਵਰਤਾਰਾ ਇਹ ਵਾਪਰਿਆ ਕਿ ਪੰਜਾਬ ਦੇ ਮੌਲਿਕ ਮਸਲਿਆਂ ਨੂੰ ਨਵੀਆਂ ਧਾਰਾਵਾਂ ਦੀ ਨਜ਼ਰ ਤੋਂ ਲੋਕ ਵੇਖਣ ਲੱਗ ਗਏ ਹਨ। ਪੰਜਾਬ ਦੇ ਫ਼ਲਸਫ਼ਿਆਂ ਅਤੇ ਆਪਣੇ ਘਰ ਬਾਰੇ ਢੁੱਕਵਾਂ ਬੰਦੋਬਸਤ ਕਰਨਾ ਦੋ ਵੱਖਰੀਆਂ ਗੱਲਾਂ ਹਨ ਪਰ ਬੰਦੇ ਇਹਨੂੰ ਰਲਗੱਡ ਕਰਨ ਲੱਗ ਪਏ ਹਨ। ਸ਼ਾਂਤੀ ਦੇ ਨਾਮ 'ਤੇ ਜੋ ਹੋਵੇ ਉਹ ਵੀ ਮੁੜ ਆਪਣਿਆਂ ਨੂੰ ਜ਼ਿੰਮੇਵਾਰ ਐਲਾਨਣ ਲੱਗ ਪਏ ਅਤੇ ਜੋ ਨਹੀਂ ਹੋਇਆ ਉਹਦੇ ਵਿਚ ਬੁਰੇ ਦੀ ਕਲਪਨਾ ਕਰ ਉਹ ਵੀ ਪੰਜਾਬ ਦੇ ਖਾਤੇ ਪਾਉਣ ਲੱਗ ਪਏ ਹਨ। ਸਾਰੀਆਂ ਸਲਾਹਾਂ, ਮਤਾਂ, ਵਿਚਾਰ ਸਿਰਫ ਪੰਜਾਬ ਹਿੱਸੇ ਰਹਿ ਗਈਆਂ। ਹੁਣ ਪੰਜਾਬ ਵਿੱਚ ਰਲਾ ਹੈ। ਚੰਡੀਗੜ੍ਹ ਪੰਜਾਬ ਦਾ ਨਹੀਂ ਲੱਗਦਾ। ਸਿੱਖ ਤਵਾਰੀਖ਼ ਆਪਣੇ ਸੂਰਮਈ ਇਤਿਹਾਸ ਨਾਲ ਭਰਿਆ ਅਤੇ ਇਹ ਗੁਰੂ ਨਾਨਕ ਪਾਤਸ਼ਾਹ ਦੇ ਲਾਏ ਬੂਟੇ ਨਾਲ ਗੁਰੂ ਗੋਬਿੰਦ ਸਿੰਘ ਤੱਕ ਭਰ ਜਵਾਨ ਹੋਇਆ ਪਰ ਸੱਜਣ ਹੁਣ ਗੁਰੂ ਨਾਨਕ ਪਾਤਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਨੂੰ ਵੱਖ ਵੱਖ ਕਰ ਵੇਖਣ ਦਾ ਬੇਈਮਾਨਾ ਕਰਨ ਲੱਗ ਪਏ। ਪੰਜਾਬ ਦੀ ਜ਼ਮੀਨ,ਪਾਣੀ, ਹਿੱਸੇਦਾਰੀ, ਨੌਕਰੀਆਂ,ਚਿਹਰੇ ਮੋਹਰੇ ਆਪਣੀ ਪਛਾਣ ਤੋਂ ਦੂਰ ਭੱਜ ਰਹੀ ਹੈ। ਬੰਦਿਆਂ ਨੇ ਤੈਅਸ਼ੁਦਾ ਧਾਰਨਾ ਮੰਨ ਲਈ ਹੈ ਕਿ ਇੱਥੇ ਕੁਝ ਨਹੀਂ ਹੋ ਸਕਦਾ। ਪੰਜਾਬ ਦੀ ਸਿਹਤ,ਮਿੱਟੀ,ਆਬੋ ਹਵਾ,ਦੁੱਧ ਸਭ ਬਰਬਾਦੀ ਵੱਲ ਹਨ। 1 ਨਵੰਬਰ ਸਾਡੀ ਇੱਕ ਹੋਰ ਸਰਾਪੀਆ ਤਾਰੀਖ਼ ਹੈ। ਇਸ ਤੋਂ ਵੱਧਕੇ ਕੁਝ ਨਹੀਂ। ਪਾਤਸ਼ਾਹ ਕਿਰਪਾ ਕਰਨ।

ਹਰਪ੍ਰੀਤ ਸਿੰਘ ਕਾਹਲੋਂ


GOLDEN STAR PAINTING




ਭੁਪਿੰਦਰ ਸਿੰਘ ਗਿੱਲ:604-897-5750

UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.






Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਨੂੰ ਸਿੱਖ ਨੇ ਹੀ ਬਚਾਇਆ

ਦਿੱਲੀ (ਮਨੋਜ ਮਿੱਤਾ)31 ਅਕਤੂਬਰ ਨੂੰ ਵੀ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਬਹੁਤ ਸਾਰੀਆਂ ਵਾਰਦਾਤਾਂ ਹੋਈਆਂ ਸਨ। ਦਿੱਲੀ ਹਿੰਸਾ ਦੇ ਵਿਸ਼ਾਲ ਪ੍ਰਸੰਗ ਵਿੱਚ ਦਰਜਨ ਭਰ ਕਮੇਟੀਆਂ ਅਤੇ ਕਮਿਸ਼ਨਾਂ ਦੀਆਂ ਪੜਤਾਲਾਂ ਦੇ ਬਾਵਜੂਦ ਪੁਸ਼ਤਪਨਾਹੀ ਬੇਰੋਕ ਜਾਰੀ ਰਹੀ। ਭਾਜਪਾ ਦੀ ਸਰਕਾਰ ਦੇ ਹੁੰਦੇ ਹੋਏ ਵੀ, ਕਾਂਗਰਸ ਦੇ ਸਮੇਂ ਵਿੱਚ ਹੋਏ ਇਸ ਕਤਲਆਮ ਬਾਰੇ ਜਿੰਮੇਵਾਰੀ ਪੱਕੀ ਕਰਨ ਦੀ ਕੋਈ ਬਹੁਤੀ ਇੱਛਾ ਨਹੀਂ ਰਹੀ। ਹੋਰ ਕਾਂਗਰਸੀ ਆਗੂਆਂ ਵਾਂਗ ਭਗਤ ਨੂੰ ਵੀ ਰਾਜੀਵ ਗਾਂਧੀ ਸਰਕਾਰ ਵੱਲੋਂ 1984 ਦੇ ਕਤਲੇਆਮ ਦੀ ਜਾਂਚ ਲਈ ਬਿਠਾਏ ਗਏ ਰੰਗਾਨਾਥ ਮਿਸ਼ਰਾ ਕਮਿਸ਼ਨ ਨੇ ਦੋਸ਼ ਮੁਕਤ ਕਰ ਦਿੱਤਾ ਸੀ। ਰੰਗਾਨਾਥ ਕਮਿਸ਼ਨ ਵੱਲੋਂ ਭਗਤ ਨੂੰ ਬਰੀ ਕੀਤੇ ਜਾਣ ਦਾ ਮੁੱਖ ਆਧਾਰ ਸਿੱਖ ਆਗੂ ਬਲਵਿੰਦਰ ਸਿੰਘ ਦੀ ਉਸਦੇ ਹੱਕ ਵਿੱਚ ਗਵਾਹੀ ਸੀ। ਬਲਵਿੰਦਰ ਸਿੰਘ ਦਾ ਪੁੱਤਰ ਅਰਵਿੰਦਰ ਸਿੰਘ ਲਵਲੀ ਸ਼ੀਲਾ ਦਿਕਸ਼ਿਤ ਦੀ ਸਰਕਾਰ ਵਿੱਚ ਅੱਗੇ ਜਾ ਕੇ ਮੰਤਰੀ ਬਣਿਆ। ਲਵਲੀ, ਹੁਣ ਬੀਜੇਪੀ ਵਿੱਚ ਸ਼ਾਮਲ ਹੋ ਗਿਆ। ਫ਼ਿਰਕੂ ਹਿੰਸਾ ਤੋਂ ਮਿਲਦੇ ਸਿਆਸੀ ਫ਼ਾਇਦੇ ਨੂੰ ਦੇਖਦੇ ਹੋਏ ਇਹ ਜ਼ਰੂਰੀ ਹੈ ਕਿ ਕਨੂੰਨ ਦੇ ਲੰਬੇ ਹੱਥ ਛੋਟੇ ਪਿਆਦਿਆਂ ਤੱਕ ਹੀ ਨਹੀਂ ਬਲਕਿ ਜਰਨੈਲਾਂ ਤੱਕ ਵੀ ਪਹੁੰਚਣ। ਜਦੋਂ ਤੱਕ ਸਿਆਸੀ ਆਗੂਆਂ ਦੀ ਪੁਸ਼ਤਪਨਾਹੀ ਬੰਦ ਨਹੀਂ ਹੁੰਦੀ ਤਦ ਤੱਕ ਸਿਆਸੀ ਪਾਰਟੀਆਂ, ਉਹ ਭਾਵੇਂ ਵਿਚਾਰਧਾਰਾ ਨਾਲ ਚੱਲਦੀਆਂ ਹੋਣ ਤੇ ਭਾਵੇਂ ਮੌਕਾ ਪ੍ਰਸਤ ਹੋਣ ਫ਼ਿਰਕੂ ਹਿੰਸਾ ਭੜਕਾਉਣ ਤੋਂ ਬਾਜ ਨਹੀਂ ਆਉਣਗੀਆਂ।




## ਸਿੱਖ ਨਸਲਕੁਸ਼ੀ:ਨਵੰਬਰ 1984 ਬਾਰੇ ਅਹਿਮ ਦਸਤਾਵੇਜ਼ "ਸਿੱਖ ਨਸਲਕੁਸ਼ੀ ਦਾ ਖੁਰਾ ਖੋਜ" ਕਿਤਾਬ ਜਾਰੀ



ਚੰਡੀਗੜ੍ਹ: 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸੋਧੇ ਤੋਂ ਬਾਅਦ ਸਟੇਟ ਵੱਲੋਂ ਕੀਤੀ ਗਈ ਸਿੱਖ ਨਸਲਕੁਸ਼ੀ ਬਾਰੇ ਆਮ ਲੋਕਾਂ, ਸਿੱਖਾਂ, ਸਿੱਖ ਆਗੂਆਂ ਅਤੇ ਪ੍ਰਚਾਰਕਾਂ ਦੀ ਜਾਣਕਾਰੀ ਦਿੱਲੀ, ਬੁਕਾਰੋ, ਕਾਨਪੁਰ ਅਤੇ ਹੋਂਦ ਚਿੱਲੜ ਤਕ ਹੀ ਸੀਮਤ ਹੈ ਪਰ ਇਹ ਵਰਤਾਰਾ ਇਸ ਤੋਂ ਕਿਤੇ ਵੱਡੇ ਪੱਧਰ ਤੇ ਵਾਪਰਿਆ। ਇਸ ਦੌਰਾਨ ਭਾਰਤ ੬ ਰਾਜਾਂ ਮੱਧ ਪ੍ਰਦੇਸ਼, ਛੱਤੀਸਗੜ੍ਹ, ਤਾਮਿਲਨਾਡੂ, ਉੜੀਸਾ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਚ ਹੋਈਆਂ ਘਟਨਾਵਾਂ ਦਾ ਵਿਸਥਾਰਪੂਰਵਕ ਜ਼ਿਕਰ ਕਿਤਾਬ ਸਿੱਖ ਨਸਲਕੁਸ਼ੀ ਦਾ ਖੁਰਾ ਖੋਜ ਚ ਕੀਤਾ ਗਿਆ ਹੈ। ਕਿਤਾਬ ਚ ਦਿੱਤੀ ਗਈ ਜਾਣਕਾਰੀ ਚਸ਼ਮਦੀਦਾਂ ਅਤੇ ਸਬੂਤਾਂ ਦੇ ਹਵਾਲੇ ਨਾਲ ਲਿਖੀ ਗਈ ਹੈ। ਜ਼ਿਕਰਯੋਗ ਹੈ ਕਿ ਕਿਤਾਬ ਚ ਸਿੱਖ ਨਸਲਕੁਸ਼ੀ ਦੀ ਪ੍ਰੋੜ੍ਹਤਾ ਕਰਦੇ ੪੨ ਸਰਕਾਰੀ ਅਤੇ ਗੈਰ ਸਰਕਾਰੀ ਦਸਤਾਵੇਜ਼ ਲਗਾਏ ਗਏ ਹਨ। ਸਿੱਖ ਨਸਲਕੁਸ਼ੀ ਉੱਪਰ ਇਹ ਕਿਤਾਬ ਆਪਣੀ ਤਰ੍ਹਾਂ ਦਾ ਪਹਿਲਾ ਅਤੇ ਬੜਾ ਅਹਿਮ ਦਸਤਾਵੇਜ਼ ਹੈ ਕਿਉਂਕਿ ਕਿਤਾਬ ਸਿੱਖ ਨਸਲਕੁਸ਼ੀ ਬਾਰੇ ਆਮ ਲੋਕਾਂ ਦੀ ਸਮਝ ਤੋਂ ਪਰੇ ਇਸ ਵਰਤਾਰੇ ਦੀ ਵਿਸ਼ਾਲਤਾ ਦੇ ਘੇਰੇ ਨੂੰ ਦਰਸਾਉਂਦੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਕੋਲ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਭਾਈ ਸਤਵੰਤ ਸਿੰਘ, ਭਾਈ ਬੇਅੰਤ ਸਿੰਘ ਅਤੇ ਭਾਈ ਕੇਹਰ ਸਿੰਘ ਨਮਿਤ ਅਰਦਾਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਕੋਲ ਇਹ ਕਿਤਾਬ ਜਾਰੀ ਕੀਤੀ ਗਈ । ਕਿਤਾਬ ਜਾਰੀ ਕਰਨ ਮੌਕੇ ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰਾਇਣ ਸਿੰਘ ਚੌੜਾ, ਭਾਈ ਰਜਿੰਦਰ ਸਿੰਘ ਇੰਗਲੈਂਡ, ਭਾਈ ਮਨਧੀਰ ਸਿੰਘ, ਪਰਮਜੀਤ ਸਿੰਘ ਗਾਜ਼ੀ, ਸਤਨਾਮ ਸਿੰਘ ਖੰਡਾ, ਪ੍ਰਿੰਸੀਪਲ ਕੰਵਲਜੀਤ ਸਿੰਘ, ਭਗਵੰਤ ਸਿੰਘ ਸਿਆਲਕਾ, ਕੰਵਰਪਾਲ ਸਿੰਘ ਦਲ ਖਾਲਸਾ, ਸਰਬਜੀਤ ਸਿੰਘ ਘੁਮਾਣ, ਗੁਰਚਰਨ ਸਿੰਘ ਗਰੇਵਾਲ, ਪਰਮਿੰਦਰ ਸਿੰਘ ਸ਼ਤਰਾਣਾ ਅਤੇ ਪਰਮਜੀਤ ਸਿੰਘ ਮੰਡ ਹਾਜ਼ਰ ਸਨ।

## ਕੈਨੇਡਾ 'ਚ ਰਾਹ ਤੋਂ ਭਟਕ ਰਹੇ ਨੇ ਕਈ ਪੰਜਾਬੀ ਨਸ਼ੇ ਦੇ ਕਾਰੋਬਾਰ ਤੇ ਹੋਰ ਗ਼ਲਤ ਕੰਮਾਂ ਵੱਲ ਵਧ ਰਿਹੈ ਰੁਝਾਨ

ਔਟਵਾ:ਮਿਹਨਤ, ਲਗਨ ਤੇ ਸੇਵਾ ਭਾਵਨਾ ਲਈ ਦੁਨੀਆ ਭਰ ਵਿੱਚ ਜਾਣਦੇ ਜਾਂਦੇ ਪੰਜਾਬੀਆਂ ਨੇ ਕੈਨੇਡਾ ਦੀ ਧਰਤੀ 'ਤੇ ਚੰਗੇ ਮੁਕਾਮ ਹਾਸਲ ਕੀਤੇ ਨੇ, ਪਰ ਇਨ੍ਹਾਂ ਦਿਨੀਂ ਇਸ ਭਾਈਚਾਰੇ ਨੂੰ ਕਾਫ਼ੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਕੈਨੇਡਾ 'ਚ ਕਈ ਪੰਜਾਬੀ ਨੌਜਵਾਨ ਇਸ ਵੇਲੇ ਰਾਹ ਤੋਂ ਭਟਕ ਰਹੇ ਨੇ। ਉਨ੍ਹਾਂ ਦਾ ਰੁਝਾਨ ਨਸ਼ੇ ਦੇ ਕਾਰੋਬਾਰ ਤੇ ਹੋਰ ਗ਼ਲਤ ਕੰਮਾਂ ਵੱਲ ਵਧ ਰਿਹਾ ਐ। ਪਿਛਲੇ 2 ਸਾਲਾਂ ਵਿੱਚ ਤਿੰਨ ਵੱਡੇ ਗਿਰੋਹਾਂ ਵਿੱਚ ਜ਼ਿਆਦਾਤਰ ਪੰਜਾਬੀ ਮੂਲ ਦੇ ਨੌਜਵਾਨਾਂ ਦੀ ਸ਼ਮੂਲੀਅਤ ਪਾਈ ਗਈ, ਜੋ ਨਸ਼ੇ ਦੇ ਕਾਰੋਬਾਰ ਵਿੱਚ ਲੱਗੇ ਹੋਏ ਸਨ।

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads

Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2



# ਅਮਰੀਕਾ ਦੇ ਵਿਜ਼ਟਰ ਵੀਜ਼ਾ ਲਈ ਉਡੀਕ 3 ਸਾਲ ਦੇ ਨੇੜੇ ਪੁੱਜੀ

ਵਾਸ਼ਿੰਗਟਨ:ਅਮਰੀਕਾ ਵੱਲੋਂ ਵਿਜ਼ਟਰ ਵੀਜ਼ਾ ਦੇ ਮਾਮਲੇ ਵਿਚ ਭਾਰਤੀ ਲੋਕਾਂ ਨਾਲ ਸਰਾਸਰ ਵਿਤਕਰਾ ਕੀਤਾ ਜਾ ਰਿਹਾ ਹੈ ਜਿਨ੍ਹਾਂ ਦਾ ਉਡੀਕ ਸਮਾਂ ਤਿੰਨ ਸਾਲ ਦੇ ਨੇੜੇ ਪੁੱਜ ਗਿਆ ਹੈ ਜਦਕਿ ਇਸ ਦੇ ਉਲਟ ਚੀਨੀ ਲੋਕਾਂ ਨੂੰ ਸਿਰਫ਼ ਤਿੰਨ ਦਿਨ ਦੇ ਅੰਦਰ ਵੀਜ਼ਾ ਅਪੁਆਇੰਟਮੈਂਟਸ ਮਿਲ ਰਹੀਆਂ ਹਨ। ਅਮਰੀਕਾ ਵਸਦੇ ਭਾਰਤੀ ਮੂਲ ਦੇ ਲੋਕਾਂ ਵੱਲੋਂ ਇਸ ਪਾਸੇ ਹੰਭਲਾ ਮਾਰਦਿਆਂ ਵਿਦੇਸ਼ ਮੰਤਰੀ ਐਂਥਨੀ ਬਲਿੰਕਨ ਨੂੰ ਤੁਰਤ ਦਖ਼ਲ ਦੇਣ ਦੀ ਅਪੀਲ ਕੀਤੀ ਗਈ ਹੈ।


The Builder's Direct

Experienced & Honest

Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC

*MORTGAGES FOR UPTO 50 MILLION

IS AVAILABLE FOR LARGE PROJECTS

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Professional Mortgage Consultants Plus

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

Yes, Private Mortgages Start from 8.25% for a limited time*

Foreclosure?, we can help.

QUICK & EASY APPROVALS








Punjab TRAVELS

ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400

ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada


Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਫਰਜ਼ੀ ਖ਼ਬਰਾਂ ਨਾਲ ਕੌਮੀ ਸੁਰੱਖਿਆ ਨੂੰ ਹੋ ਸਕਦਾ ਹੈ ਖਤਰਾ:ਮੋਦੀ



ਸੂਰਜਕੁੰਡ (ਹਰਿਆਣਾ)ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੋਈ ਇੱਕ ਫਰਜ਼ੀ ਖ਼ਬਰ ਵੀ ਅੱਗੇ ਜਾ ਕੇ ਕੌਮੀ ਸੁਰੱਖਿਆ ਲਈ ਚਿੰਤਾ ਦਾ ਵਿਸ਼ਾ ਬਣ ਸਕਦੀ ਹੈ। ਇਸ ਲਈ ਉਨ੍ਹਾਂ 'ਤੇ ਠੱਲ੍ਹ ਪਾਉਣ ਲਈ ਦੇਸ਼ ਨੂੰ ਅਤਿ-ਆਧੁਨਿਕ ਤਕਨੀਕ 'ਤੇ ਜ਼ੋਰ ਦੇਣਾ ਪਵੇਗਾ। ਪ੍ਰਧਾਨ ਮੰਤਰੀ ਨੇ ਇੱਥੇ ਰਾਜਾਂ ਦੇ ਗ੍ਰਹਿ ਮੰਤਰੀਆਂ ਦੇ ਦੋ ਰੋਜ਼ਾ 'ਚਿੰਤਨ ਸ਼ਿਵਿਰ' ਨੂੰ ਸੰਬੋਧਨ ਕਰਦਿਆਂ ਅਜਿਹੀ ਕੋਈ ਵੀ ਜਾਣਕਾਰੀ ਹੋਰਨਾਂ ਨੂੰ ਭੇਜਣ ਤੋਂ ਪਹਿਲਾਂ ਇਸ ਦੀ ਪੜਤਾਲ ਕਰਨ ਬਾਰੇ ਲੋਕਾਂ ਨੂੰ ਸਿੱਖਿਅਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ, 'ਕੋਈ ਵੀ ਜਾਣਕਾਰੀ ਅੱਗੇ ਭੇਜਣ ਤੋਂ ਪਹਿਲਾਂ 10 ਵਾਰ ਸੋਚਣਾ ਚਾਹੀਦਾ ਹੈ ਅਤੇ ਇਸ 'ਤੇ ਭਰੋਸਾ ਕਰਨ ਤੋਂ ਪਹਿਲਾਂ ਇਸ ਦੀ ਪੁਸ਼ਟੀ ਕਰਨੀ ਬਹੁਤ ਜ਼ਰੂਰੀ ਹੈ। ਹਰ ਮੰਚ 'ਤੇ ਅਜਿਹੀਆਂ ਸੂਚਨਾਵਾਂ ਦੀ ਪੁਸ਼ਟੀ ਕਰਨ ਦੇ ਢੰਗ ਹਨ।

ਜੇਕਰ ਤੁਸੀਂ ਵੱਖ ਵੱਖ ਸਰੋਤਾਂ ਰਾਹੀਂ ਇਨ੍ਹਾਂ ਦੀ ਜਾਂਚ ਕਰੋਗੇ ਤਾਂ ਇਸ ਦਾ ਨਵਾਂ ਰੂਪ ਮਿਲੇਗਾ।' ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਨੂੰ ਸਿਰਫ਼ ਜਾਣਕਾਰੀ ਦੇ ਸਰੋਤ ਵਜੋਂ ਹੀ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਇੱਕ ਫਰਜ਼ੀ ਖ਼ਬਰ ਵੀ ਅੱਗੇ ਜਾ ਕੇ ਕੌਮੀ ਚਿੰਤਾ ਦਾ ਵਿਸ਼ਾ ਬਣਨ ਦੀ ਸਮਰੱਥਾ ਰੱਖਦੀ ਹੈ। ਉਨ੍ਹਾਂ ਕਿਹਾ ਕਿ ਨੌਕਰੀਆਂ 'ਚ ਰਾਖਵੇਂਕਰਨ ਬਾਰੇ ਪਿੱਛੇ ਜਿਹੇ ਚੱਲੀਆਂ ਫਰਜ਼ੀ ਖ਼ਬਰਾਂ ਕਾਰਨ ਭਾਰਤ ਨੂੰ ਨੁਕਸਾਨ ਵੀ ਹੋਇਆ ਹੈ।


**PAIN**

*ICBC Covered *Extended Health Care

MSP Covered Premium Assistance under 10 treatments **FREE**

| WE TREAT : | ਅਸੀਂ ਇਲਾਜ ਕਰਦੇ ਹਾਂ : |
|---|---|
| • BACK PAIN | • ਪਿੱਠ ਦੀ ਦਰਦ |
| • NECK PAIN | • ਗਰਦਨ ਦੀ ਦਰਦ |
| • HEEL PAIN | • ਅੱਡੀ ਦਾ ਦਰਦ |
| • SHOULDER PAIN | • ਮੋਢਿਆਂ ਦੀ ਦਰਦ |
| • KNEE PAIN | • ਗੋਡਿਆਂ ਦੀ ਦਰਦ |
| • SCIATICA NERVE PAIN | • ਸਕਾਈਟਿਕਾ ਨਰਵ ਦਰਦ |

**BEIJING ACUPUNCTURE & TCM CLINIC**

☎ 604.496.5056






Dr. PARK HUN MYUNG
R.AC LEE SEUNG YEON

9631-136A ST SURREY (ACROSS SURREY MEMORIAL HOSPITAL)
EMAIL: HUNMYPARK@GMAIL.COM


# ਅੰਮ੍ਰਿਤਸਰ ਵਿਚ ਨਿਹੰਗਾਂ ਨੇ ਡੇਰਾ ਪ੍ਰੇਮੀਆਂ ਦੀ ਨਾਮ ਚਰਚਾ ਰੋਕੀ



ਅੰਮ੍ਰਿਤਸਰ: ਬਲਾਤਕਾਰ ਅਤੇ ਕਤਲ ਦੇ ਦੋਸ਼ ਵਿਚ ਸਜ਼ਾ ਕੱਟ ਰਹੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਪੈਰੋਕਾਰਾਂ ਵੱਲੋਂ ਅੰਮ੍ਰਿਤਸਰ ਦੇ ਲੁਹਾਰਕਾ ਰੋਡ 'ਤੇ ਸਥਿਤ ਨਾਮ ਚਰਚਾ ਕੀਤੀ ਜਾ ਰਹੀ ਸੀ।ਇਸ ਦਾ ਪਤਾ ਜਦੋਂ ਨਿਹੰਗ ਸਿੰਘ ਜਥੇਬੰਦੀਆਂ ਲੱਗਾ ਤਾਂ ਉਹ ਮੌਕੇ 'ਤੇ ਪਹੁੰਚ ਗਏ।ਨਿਹੰਗ ਜਥੇਬੰਦੀਆਂ ਦੇ ਪਹੁੰਚਣ ਕਾਰਣ ਡੇਰਾਪ੍ਰੇਮੀ ਉੱਥੋਂ ਫਰਾਰ ਹੋ ਗਏ।ਸਿੱਖ ਜਥੇਬੰਦੀਆਂ ਦੇ ਆਗੂ ਪਰਮਜੀਤ ਸਿੰਘ ਅਕਾਲੀ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਇਸ ਸੰਬੰਧੀ ਜਾਣਕਾਰੀ ਮਿਲੀ ਕਿ ਅੰਮ੍ਰਿਤਸਰ ਦੇ ਲੁਹਾਰਕਾ ਰੋਡ ਉੱਪਰ ਡੇਰਾ ਪ੍ਰੇਮੀਆਂ ਵੱਲੋਂ ਨਾਮ ਚਰਚਾ ਕੀਤੀ ਜਾ ਰਹੀ ਹੈ, ਤਾਂ ਉਹ ਮੌਕੇ 'ਤੇ ਪਹੁੰਚ ਗਏ ਤੇ ਉਨ੍ਹਾਂ ਵੱਲੋਂ ਇੱਥੇ ਸਤਿਸੰਗ ਕਰ ਰਹੇ ਡੇਰਾ ਪ੍ਰੇਮੀਆਂ ਨੂੰ ਭਜਾ ਦਿੱਤਾ। ਉਨ੍ਹਾਂ ਕਿਹਾ ਡੇਰਾ ਮੁਖੀ ਰਾਮ ਰਹੀਮ ਬਲਾਤਕਾਰੀ ਹੈ ਅਤੇ ਕਤਲ ਦੇ ਗੰਭੀਰ ਮਾਮਲਿਆਂ ਵਿਚ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ ਅਤੇ ਅਦਾਲਤ ਵੱਲੋਂ ਦੋਸ਼ੀ ਹੈ। ਉਨ੍ਹਾਂ ਕਿਹਾ ਕਿ ਡੇਰਾ ਪ੍ਰੇਮੀਆਂ ਵੱਲੋਂ ਪੰਜਾਬ ਦੇ ਮਾਹੌਲ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਜਿਸ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅੰਮ੍ਰਿਤਸਰ ਕਿ ਪੰਜਾਬ ਵਿਚ ਕਿਤੇ ਵੀ ਡੇਰਾ ਸਿਰਸਾ ਦੇ ਪ੍ਰੇਮੀਆਂ ਨੂੰ ਨਾਮ ਚਰਚਾ ਨਹੀਂ ਕਰਨ ਦਿੱਤੀ ਜਾਵੇਗੀ। ਦੂਜੇ ਪਾਸੇ ਜਦੋਂ ਇਸ ਸੰਬੰਧੀ ਲੁਹਾਰਕਾ ਰੋਡ ਪੁਲਸ ਚੌਕੀ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਕਿਸੇ ਵੀ ਗੱਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

## ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਨਵੰਬਰ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ:

1. ਭਾਈ ਗੁਰਕਮਲ ਸਿੰਘ ਬੈਂਸ ਪਰਿਵਾਰ ਵੱਲੋਂ ਬੱਚੇ ਅਰਜਨ ਸਿੰਘ ਬੈਂਸ ਦੇ ਜਨਮ ਦਿਨ ਮਨਾਉਂਦਿਆਂ ਹੋਵੇਗੀ।
2. ਗੁਲਜ਼ਾਰ ਕੰਪਨੀ ਦੇ ਮਾਲਕਾਂ ਵੱਲੋਂ ਕੰਪਨੀ ਦੀ ਚੜ੍ਹਦੀ ਕਲਾ ਲਈ ਹੋਵੇਗੀ।
3. ਭਾਈ ਹਰਮਨ ਸਿੰਘ ਤੂਰ ਪਰਿਵਾਰ ਵੱਲੋਂ ਪਰਿਵਾਰ ਦੀ ਚੜ੍ਹਦੀ ਕਲਾ ਲਈ ਹੋਵੇਗੀ



ਇਹ ਤਿੰਨੇ ਅਖੰਡਪਾਠ ਸਾਹਿਬ 4 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 6 ਨਵੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪੈਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*4 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਬੀਬੀ ਨਿਰਮਲ ਕੌਰ ਰਾਏ ਦੇ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਸਵੇਰੇ 11.30 ਵਜੇ ਪੈਣਗੇ ਅਤੇ ਅੰਤਮ ਅਰਦਾਸ ਹੋਵੇਗੀ।

*6 ਨਵੰਬਰ ਦਿਨ ਐਤਵਾਰ ਸਵੇਰੇ ਜੌਹਲ, ਮਾਨ, ਮਾਂਗਟ ਅਤੇ ਸਿੱਧੂ ਪਰਿਵਾਰਾਂ ਵੱਲੋਂ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਖੰਡਪਾਠ ਸਾਹਿਬ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 8 ਨਵੰਬਰ ਦਿਨ ਮੰਗਲਵਾਰ ਸਵੇਰੇ 9.30 ਵਜੇ ਪੈਣਗੇ। ਉਪਰੰਤ ਸਾਰਾ ਦਿਨ ਕੀਰਤਨ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*ਭਾਈ ਜਸਵਿੰਦਰ ਸਿੰਘ ਜੌਹਲ ਪਰਿਵਾਰ ਵੱਲੋਂ ਕੀਤੇ ਗਏ ਸਹਿਜਪਾਠ ਦੇ ਭੋਗ ਸਵੇਰੇ 11 ਵਜੇ ਪੈਣਗੇ।

*ਬਾਦ ਦੁਪਹਿਰ 2 ਵਜੇ ਬੀਬੀ ਗੁਰਮੀਤ ਕੌਰ ਸ਼ੇਰਗਿਲ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਸ਼ਾਮ 3.30 ਵਜੇ ਗੁਰੂਘਰ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਮੀਤ ਸਿੰਘ ਬਰਾੜ ਪਰਿਵਾਰ ਵੱਲੋਂ ਹੋਵੇਗੀ।

*8 ਨਵੰਬਰ ਦਿਨ ਮੰਗਲਵਾਰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਖੰਡਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸਾਰਾ ਦਿਨ ਦੀਵਾਨ ਸਜਣਗੇ।

*ਕੀਰਤਨ ਅਤੇ ਲੰਗਰਾਂ ਦੀ ਸੇਵਾ Math4Me ਦੇ ਭਾਈ ਹਰਉਪਿੰਦਰ ਸਿੰਘ ਬੈਂਸ ਪਰਿਵਾਰ ਵੱਲੋਂ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**


ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 778-713-5121, 604-590-3224, ਫੈਕਸ:604-572-3276**

# CARE AFTER SUDDEN INJURIES

Qualicare®




## ਸਰੀ/ਡੈਲਟਾ/ਵਾਈਟ ਰੌਕ ‘ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

### Care After Sudden Injuries

For clients recovering from motor vehicle accidents, competent and compliant Attendant Care Services is a must. At Qualicare, Attendant Care Services are offered under the direction of Care Experts who have extensive experience in their fields. Each Care Expert leads a team of certified, compassionate professionals.

When you partner with Qualicare, we promise to:

**MAKE A COMPLEX PROCESS SIMPLE**

With the Form 1 or care request in our hands, services can start as quickly as your client Needs them, often as soon as the same day. Plus, we'll proactively remind you when Extensions are coming due.

**MAINTAIN METICULOUS, SHIFT-BY-SHIFT RECORDS**

Our caregivers are highly trained in caring for clients who are rehabilitating from motor vehicle accidents and keep diligent, shift-by-shift records, so you're always proactively informed about how things are progressing.

**MANAGE CLIENT EXPECTATIONS**

Our team is available to answer your clients' calls 24/7, 365 days a year, so your time can be reserved for only the things that genuinely require your oversight.



**From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.**

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

ੴ ਸਤਿਗੁਰ ਪ੍ਰਸਾਦਿ

ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ KHALSA DIWAN SOCIETY VANCOUVER

# ਸਿੱਖ ਸੰਗਤ ਯੂਨਾਇਟਡ ਫਰੰਟ

# SIKH SANGAT UNITED FRONT

**TIMES FOR CHANGE**

# ਚੋਣ ਮੈਨੀਫੈਸਟੋ

**ਅਸੀਂ ਸੰਗਤਾਂ ਨਾਲ ਇਹ ਵਾਅਦਾ ਕਰਦੇ ਹਾਂ ਕਿ ਇਹ ਚੋਣ ਮੈਨੀਫੈਸਟੋ ਸਾਡਾ ਇਕਰਾਰਨਾਮਾ ਸਮਝਿਆ ਜਾਵੇ।**
**ਅਸੀਂ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਸਾਨੂੰ ਇੱਕ ਮੌਕਾ ਜ਼ਰੂਰ ਦਿਓ ਤਾਂ ਕਿ ਅਸੀਂ ਆਪਣੇ ਵਾਅਦੇ ਪੂਰੇ ਕਰਕੇ ਵਿਖਾਈਏ।**

- ਅਸੀਂ ਜਾਗਤ ਜੋਤ ਜੁਗੋ-ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਲਸਫ਼ੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਨ ਸਿੱਖ ਮਰਿਯਾਦਾ ਅਨੁਸਾਰ ਪ੍ਰੋਗਰਾਮ ਮਨਾਵਾਂਗੇ।
- ਅਸੀਂ ਸਾਡੇ ਬਜ਼ੁਰਗਾਂ ਵਲੋਂ ਪਿਛਲੇ 100 ਸਾਲਾਂ ਤੋਂ ਗੁਰਦੁਆਰਾ ਲੰਗਰ ਹਾਲ 'ਚ ਮੇਜ਼ ਕੁਰਸੀਆਂ ਰੱਖਣ ਦੀ ਚਲਾਈ ਪ੍ਰੰਪਰਾ ਜਿਵੇਂ ਚੱਲਦੀ ਹੈ ਉਸੇ ਤਰ੍ਹਾਂ ਹੀ ਕਾਇਮ ਰੱਖਾਂਗੇ।
- ਗੋਲਕ ਸੰਗਤਾਂ ਵਿੱਚ ਗਿਣੀ ਜਾਵੇਗੀ। ਕਮੇਟੀ ਮੈਂਬਰਾਂ ਨੂੰ ਗੁਰਦੁਆਰੇ ਦੀ ਮਾਇਆ ਇੱਕ ਮਹੀਨੇ ਦੇ ਅੰਦਰ-ਅੰਦਰ ਖਜ਼ਾਨਚੀ ਕੋਲ ਜਮਾਂ ਕਰਵਾਉਣੀ ਲਾਜ਼ਮੀ ਹੋਵੇਗੀ। ਹਿਸਾਬ-ਕਿਤਾਬ ਹਰ ਮਹੀਨੇ ਆਨਲਾਈਨ ਪਾਇਆ ਜਾਵੇਗਾ।
- ਵਿਆਹ-ਸ਼ਾਦੀਆਂ ਵੇਲੇ ਸੰਗਤਾਂ ਲਈ ਲੰਗਰ ਹਾਲ ਬੰਦ ਨਹੀਂ ਕੀਤਾ ਜਾਵੇਗਾ। ਸੰਗਤਾਂ ਦੀ ਸਹੂਲਤਾਂ ਦਾ ਵੀ ਖਾਸ ਧਿਆਨ ਰੱਖਿਆ ਜਾਵੇਗਾ। ਜਿਹੜਾ ਵਿਅਕਤੀ ਗੁਰਦੁਆਰਾ ਸਾਹਿਬ ਨਹੀਂ ਆ ਸਕਦਾ ਉਸ ਦੇ ਲਈ ਲੰਗਰ ਘਰ ਲੈਕੇ ਜਾਣ ਦਾ ਪ੍ਰਬੰਧ ਕੀਤਾ ਜਾਵੇਗਾ ਜੋ ਕੋਈ ਵੀ ਘਰ ਲਿਜਾਣਾ ਚਾਹੁੰਦਾ ਹੋਵੇ।
- ਨੌਜਵਾਨਾਂ ਲਈ ਹਰ ਉਹ ਧਾਰਮਿਕ ਪ੍ਰੋਗਰਾਮ ਕਰਵਾਏ ਜਾਣਗੇ ਜਿਨ੍ਹਾਂ ਨਾਲ ਓਹਨਾਂ ਨੂੰ ਸਮਾਜ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਰੋਕਣ ਲਈ ਕੰਮ ਕਰਨ ਅਤੇ ਨੌਜਵਾਨਾਂ ਨੂੰ ਧਾਰਮਿਕ ਪਾਸੇ ਵੱਲ ਲਿਆਂਦਾ ਜਾਵੇ ।
- ਅਸੀਂ ਅੰਗਰੇਜ਼ੀ ਅਤੇ ਪੰਜਾਬੀ ਦੇ ਚੰਗੇ ਪ੍ਰਚਾਰਕ ਮੰਗਵਾਵਾਂਗੇ ਤਾਂ ਕਿ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਿਆ ਜਾ ਸਕੇ। ਗ੍ਰੰਥੀ ਸਿੰਘਾਂ ਅਤੇ ਰਾਗੀ ਸਿੰਘਾਂ ਨੂੰ ਪੂਰਾ ਬਣਦਾ ਸਤਿਕਾਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਉਪਰਾਲੇ ਕੀਤੇ ਜਾਣਗੇ।
- ਅਸੀਂ ਗਦਰੀ ਬਾਬਿਆਂ ਦੀ ਯਾਦ 'ਚ ਟੂਰਨਾਮੈਂਟ ਜੋ ਹਰ ਸਾਲ ਹੁੰਦਾ ਹੈ, ਨੂੰ ਜਾਰੀ ਰੱਖਾਂਗੇ। ਨਗਰ ਕੀਰਤਨ ਪੁਰਾਣੇ ਰੂਟ ਅਨੁਸਾਰ ਹੀ ਕੱਢਿਆ ਜਾਵੇਗਾ।
- ਬਜ਼ੁਰਗਾਂ ਵਾਸਤੇ ਪਿਕਨਿਕ ਦਾ ਇੰਤਜ਼ਾਮ ਕੀਤਾ ਜਾਵੇਗਾ ਅਤੇ ਲੋੜਵੰਦ ਬਜ਼ੁਰਗ ਲਈ ਰਾਈਡਾਂ ਦਾ ਇੰਤਜ਼ਾਮ ਕੀਤਾ ਜਾਵੇਗਾ ਅਤੇ ਬਜ਼ੁਰਗਾਂ ਦੇ ਤਜਰਬਿਆਂ ਦੀਆਂ ਸਲਾਹਾਂ ਲਈਆਂ ਜਾਣਗੀਆਂ ।
- ਬੱਚੇ-ਬੱਚੀਆਂ ਲਈ ਫੌਜ, ਪੁਲਿਸ, ਖੇਡਾਂ, ਯੂਨੀਵਰਸਿਟੀ ਦੇ ਦਾਖਲੇ ਲਈ ਕੋਚਿੰਗ ਦੇ ਪ੍ਰੋਗਰਾਮ ਨਾਲ ਨਾਲ ਆਪਣੀ ਕਮਿਊਨਿਟੀ ਦੇ ਪ੍ਰੋਫੈਸ਼ਨਲਾਂ ਦੀ ਸਹਾਇਤਾ ਨਾਲ ਕੌਂਸਿਲਿੰਗ ਦਿੱਤੀ ਜਾਵੇਗੀ ਤਾਂ ਕਿ ਉਹ ਆਪਣੇ ਭਵਿੱਖ ਲਈ ਵਧੀਆ ਤੋਂ ਵਧੀਆ ਕੋਰਸ ਚੁਣ ਸਕਣ ਅਤੇ ਕਾਮਯਾਬ ਹੋ ਕੇ ਆਪਣਾ ਅਤੇ ਸਿੱਖ ਕੌਮ ਦਾ ਦੁਨੀਆ ਵਿੱਚ ਨਾਮ ਉੱਚਾ ਕਰ ਸਕਣ।
- ਬੀਬੀਆਂ ਅਤੇ ਬਜ਼ੁਰਗਾਂ ਉੱਤੇ ਘਰਾਂ ਵਿਚ ਹੋ ਰਹੀ ਘਰੇਲੂ ਹਿੰਸਾ ਅੱਤਿਆਚਾਰ ਨੂੰ ਰੋਕਣ ਲਈ ਉਹਨਾਂ ਨੂੰ ਕੋਂਸਲਿੰਗ ਅਤੇ ਹਰ ਪ੍ਰਕਾਰ ਦੀ ਸਹਾਇਤਾ ਦਿੱਤੀ ਜਾਵੇਗੀ। ਪਰਿਵਾਰਾਂ ਵਿੱਚ ਆਪਸੀ ਏਕਤਾ ਵਧਾਉਣ ਲਈ ਉਪਰਾਲੇ ਕੀਤੇ ਜਾਣਗੇ।
- ਸਮੇਂ-ਸਮੇਂ ਅਨੁਸਾਰ ਸੰਗਤਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਅੰਮ੍ਰਿਤ ਛਕਾਉਣ ਲਈ ਪ੍ਰੋਗਰਾਮ ਉਲੀਕੇ ਜਾਣਗੇ ਤਾਂ ਕਿ ਆਪਣੀ ਕੌਮ ਨੂੰ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨਾਲ ਜੋੜਿਆ ਜਾ ਸਕੇ।
- ਰਿਚਮੰਡ ਵਾਲੀ ਪ੍ਰਾਪਟੀ ਅਤੇ ਗੁਰੂ ਰਾਮਦਾਸ ਨਿਵਾਸੀ ਵਾਲੀ ਪ੍ਰਾਪਟੀ ਨੂੰ ਡਿਵੈਲਪਮੈਂਟ ਕਰਨ ਲਈ ਪ੍ਰੋਫੈਸ਼ਨਲਾਂ ਅਤੇ ਸਿਟੀ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ।
- ਅਸੀਂ ਸਲੇਟ 'ਚ ਸੇਵਾਦਾਰ ਸੰਗਤਾਂ 'ਚੋਂ ਲਵਾਂਗੇ, ਜੋ ਕਿ ਗੁਰਸਿੱਖੀ ਸੋਚ ਵਾਲੇ ਹੋਣ, ਨਸ਼ਿਆਂ ਤੋਂ ਰਹਿਤ ਅਤੇ ਸੇਵਾਭਾਵਨਾ ਵਾਲੇ ਹੋਣ ।
- ਅਸੀਂ ਗੁਰਦੁਆਰਾ ਸਾਹਿਬ 'ਚ ਪੰਜਾਬੀ ਸਕੂਲ ਫਿਰ ਸ਼ੁਰੂ ਕਰਾਂਗੇ। ਜਿਸ 'ਚ ਬੱਚਿਆਂ ਲਈ ਗੁਰਮਤਿ ਕਲਾਸਾਂ, ਬੱਚਿਆਂ ਨੂੰ ਪੜ੍ਹਾਈ ਕਰਨ ਲਈ ਆਪਣੇ ਭਾਈਚਾਰੇ 'ਚੋਂ ਪ੍ਰੋਫੈਸ਼ਲਾਂ ਦੀ ਸਹਾਇਤਾਂ ਨਾਲ ਕੌਂਸਲਿੰਗ ਦਿੱਤੀ ਜਾਵੇਗੀ ਤਾਂ ਕਿ ਉਹ ਅੱਗੇ ਵੱਧ ਕੇ ਵਧੀਆ ਕੋਰਸ ਚੁਣ ਸਕਣ ਅਤੇ ਆਪਣੇ ਭਾਈਚਾਰੇ ਦਾ ਨਾਮ ਰੋਸ਼ਨ ਕਰ ਸਕਣ।

ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ KHALSA DIWAN SOCIETY VANCOUVER

# ਸਿੱਖ ਸੰਗਤ ਯੂਨਾਇਟਡ ਫਰੰਟ

# SIKH SANGAT UNITED FRONT

TIMES FOR CHANGE



**Lakhbir Singh Khangura**
ਲਖਬੀਰ ਸਿੰਘ ਖੰਗੂੜਾ
General Secretary
778-895-1453



**Gurmej Singh Purewal**
ਗੁਰਮੇਜ ਸਿੰਘ ਪੁਰੇਵਾਲ
Sr. Vice President
604-325-9404



**Santokh Singh Suri**
ਸੰਤੋਖ ਸਿੰਘ ਸੂਰੀ
President
604-805-7884



**Kuldeep Singh Jagpal**
ਕੁਲਦੀਪ ਸਿੰਘ ਜਗਪਾਲ
Vice President
778-706-5063




**Naib Singh Brar**
ਨੈਬ ਸਿੰਘ ਬਰਾੜ
Treasurer
604-290-2779



**Surjit Singh Minhas**
ਸੁਰਜੀਤ ਸਿੰਘ ਮਿਨਹਾਸ
Asst. General Secretary
778-788-7245



**Gurtej Singh Malhi**
ਗੁਰਤੇਜ ਸਿੰਘ ਮੱਲ੍ਹੀ
Recording Secretary
604-441-0002



**Charan Kamal Kaur Pannu**
ਚਰਨ ਕਮਲ ਕੌਰ ਪੰਨੂ
Asst. Recording Secretary
604-340-1411



**Sarwan Singh Gill**
ਸਰਵਣ ਸਿੰਘ ਗਿੱਲ
Member
604-563-9155



**Harpal Singh Bajwa**
ਹਰਪਾਲ ਸਿੰਘ ਬਾਜਵਾ
Member
604-729-8142

## 5 ਨਵੰਬਰ 2022 ਦਿਨ ਸ਼ਨਿਚਰਵਾਰ

# ਭਾਈ ਸੰਤੋਖ ਸਿੰਘ ਸੂਰੀ ਅਤੇ ਸਲੇਟ

## ਨੂੰ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ

**ON NOVEMBER 5, 2022 VOTE FOR**

# Bhai Santokh Singh Suri & Slate

**Campaign Office: 6685 Fraser St., Vancouver, Ph: 604-499-5843**

**: Sikhsangatunitedfront@gmail.com, : Sikh Sangat United Front**

- ਸੰਤੋਖ ਸਿੰਘ ਸੂਰੀ ਪਿਛਲੇ 40 ਸਾਲ ਤੋਂ ਇਸ ਗੁਰਦੁਆਰਾ ਸਾਹਿਬ ਨਾਲ ਤਨ, ਮਨ, ਧਨ ਨਾਲ ਨਿਮਾਣੇ ਸੇਵਕ ਵਜੋਂ ਸੇਵਾਵਾਂ ਨਿਭਾ ਰਹੇ ਹਨ। ਜਿਨ੍ਹਾਂ ਦੀ ਸਮੁੱਚੀ ਸਲੇਟ ਗਦਰੀ ਬਾਬਿਆਂ ਦੀ ਸੋਚ 'ਤੇ ਨਿਰਪੱਖ ਪਹਿਰਾ ਦੇਣ ਵਾਲੀ ਅਤੇ ਨਵੀਨਵਾਦੀ ਵਿਚਾਰਧਾਰਾ, ਸਿੱਖੀ ਸੋਚ ਨੂੰ ਸਮਰਪਿਤ ਹੈ।
- ਅਸੀਂ ਸਾਡੇ ਬਜ਼ੁਰਗਾਂ ਵਲੋਂ ਪਿਛਲੇ 100 ਸਾਲਾਂ ਤੋਂ ਗੁਰਦੁਆਰਾ ਲੰਗਰ ਹਾਲ 'ਚ ਮੇਜ਼ ਕੁਰਸੀਆਂ ਰੱਖਣ ਦੀ ਚਲਾਈ ਪ੍ਰੰਪਰਾ ਜਿਵੇਂ ਚੱਲਦੀ ਹੈ ਉਸੇ ਤਰ੍ਹਾਂ ਹੀ ਕਾਇਮ ਰੱਖਾਂਗੇ।
- ਅਸੀਂ ਸਲੇਟ 'ਚ ਸੇਵਾਦਾਰ ਸੰਗਤਾਂ ਵਿਚੋਂ ਲਏ ਹਨ, ਜਿਹੜੇ ਗੁਰਦੁਆਰਾ ਸਾਹਿਬ ਵਲੋਂ ਸਜਾਏ ਜਾਂਦੇ ਵਿਸਾਖੀ ਨਗਰ ਕੀਰਤਨ ਵਿੱਚ ਪੰਜਾ ਪਿਆਰਿਆਂ ਦੀ ਸੇਵਾ ਕਰਦੇ, ਲੰਗਰ ਬਣਾਉਣ, ਵਰਤਾਉਣ ਅਤੇ ਹੋਰ ਸੇਵਾਵਾਂ ਕਰਦੇ ਆ ਰਹੇ ਹਨ।
- ਗੋਲਕ ਸੰਗਤਾਂ ਵਿੱਚ ਗਿਣੀ ਜਾਵੇਗੀ। ਕਮੇਟੀ ਮੈਂਬਰ ਨੂੰ ਗੁਰਦੁਆਰੇ ਦੀ ਮਾਇਆ ਇੱਕ ਮਹੀਨੇ ਦੇ ਅੰਦਰ-ਅੰਦਰ ਖਜ਼ਾਨਚੀ ਨੂੰ ਜਮਾਂ ਕਰਵਾਉਣੀ ਲਾਜ਼ਮੀ ਹੋਵੇਗੀ। ਹਿਸਾਬ-ਕਿਤਾਬ ਹਰ ਮਹੀਨੇ ਆਨਲਾਈਨ ਪਾਇਆ ਜਾਵੇਗਾ।
- ਅਸੀਂ ਅੰਗਰੇਜ਼ੀ ਅਤੇ ਪੰਜਾਬੀ ਦੇ ਚੰਗੇ ਪ੍ਰਚਾਰਕ ਮੰਗਵਾਵਾਂਗੇ ਤਾਂ ਕਿ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਿਆ ਜਾ ਸਕੇ। ਨੌਜਵਾਨਾਂ ਨੂੰ ਨਸ਼ਿਆਂ ਅਤੇ ਗੈਂਗਵਾਰਾਂ ਤੋਂ ਦੂਰ ਰੱਖਣ ਲਈ ਸੈਮੀਨਾਰ ਕਰਵਾਵਾਂਗੇ।
- ਬੱਚੇ-ਬੱਚੀਆਂ ਲਈ ਫੌਜ, ਪੁਲਿਸ, ਖੇਡਾਂ, ਯੂਨੀਵਰਸਿਟੀ ਦੇ ਦਾਖਲੇ ਲਈ ਕੋਚਿੰਗ ਦੇ ਪ੍ਰੋਗਰਾਮ, ਬਜ਼ੁਰਗਾਂ ਲਈ ਚੰਗੀ ਸਿਹਤ, ਸੈਰ-ਸਪਾਟਾ ਦੇ ਪ੍ਰੋਗਰਾਮ ਕਰਵਾਏ ਜਾਣਗੇ।


- Santokh Singh Suri has been serving this Gurdwara Sahib as a humble servant with body, mind and wealth for the last 40 years. Whose entire slate is devoted to Sikh thought, a neutral watchdog and innovative ideology on the thought of Gadri Babas.
- We will remain as it is the tradition of keeping tables and chairs in the Gurudwara Langar Hall for the last 100 years by our elders.
- We have taken members from the Sangat in Slate, who become Panja Pyare in Baisakhi Nagar Kirtan organized by Gurdwara Sahib.And have been providing langar preparation and serving services.
- Golak will be counted among the Sangat. Committee member must deposit the money of the Gurdwara with the treasurer within one month. Calculation will be online every month.
- We will arrange for good teachers of English and Punjabi so that the youth can be connected with Sikhi. We will conduct seminars to keep the youth away from drugs and gangs.
- We will arrange Army, police, sports, university admission coaching programs for children, good health for the elderly, tourism programs will be conducted.



**Makhan Singh Bassi**
ਮੱਖਣ ਸਿੰਘ ਬਾਸੀ
Sr. Asst. Treasurer
604-618-4656



**Bakhtawar Singh Gill**
ਬਖਤਾਵਰ ਸਿੰਘ ਗਿੱਲ
Asst. Treasurer
778-929-4567



**Manjit Kaur Gosal**
ਮਨਜੀਤ ਕੌਰ ਗੋਸਲ
Member
604-327-2409



**Pashora Singh Punia**
ਪਸ਼ੋਰਾ ਸਿੰਘ ਪੂਨੀਆ
Member
604-719-6155



**Gurvail Singh Jassal**
ਗੁਰਵੇਲ ਸਿੰਘ ਜੱਸਲ
Member
778-228-4882

| | |
|---|---|
| **Candidate Position Detail** | **The names of 15 candidates of Bhai Santokh Singh Suri's slate will be given on the left. Which you have to mark and vote to all candidates.** ✓ |
| ਉਮੀਦਵਾਰਾਂ ਦੀ ਪੁਜ਼ੀਸ਼ਨ ਦੀ ਸੂਚੀ | ਭਾਈ ਸੰਤੋਖ ਸਿੰਘ ਸੂਰੀ ਦੀ ਸਲੇਟ ਦੇ 15 ਉਮੀਦਵਾਰਾਂ ਦੇ ਨਾਮ ਇਸ ਖੱਬੇ ਦਿੱਤੇ ਹੋਣਗੇ ਜਿਸ 'ਤੇ ਤੁਸੀਂ ਸਾਰੇ ਮੈਂਬਰਾਂ ਨੂੰ ਨਿਸ਼ਾਨ ਲਾ ਕੇ ਵੋਟ ਪਾਓ ਜੀ। ✓ |

**ਬੈਲਟ ਪੇਪਰ ਦੇ ਖੱਬੇ ਪਾਸੇ ਵਾਲੀ ਭਾਈ ਸੰਤੋਖ ਸਿੰਘ ਸੂਰੀ ਦੀ ਸਾਰੀ ਸਲੇਟ ਨੂੰ ਨਿਸ਼ਾਨ ਲਾ ਕੇ ਵੋਟ ਪਾਉ ਜੀ।**

**Put Marks on the left side Slate of the ballot paper to vote for Bhai Santokh Singh Suri Slate.**

# ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ

## ਆਪ ਸਭ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ

## 553ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ

76

**Arlington Fuel Stop Inc.**

1801 Pioneer Hwy., Exit 208 @ 1-5
Arlington, WA 98223
Ph: 360-652-6066 / Fax: 360-652-1580



Diesel, Gas, Overnight Parking, Convenience Store, Friendly Service



ARCO

PACIFIC PRIDE
Commercial Fueling

**Lost Hills Travel Center Inc.**

14814 Aloma St., Rt. 46 & 1-5 Lost Hills, CA 93249
Ph: 661-797-2354 / Fax: 661-797-2399



Balbir Singh Usmanpur



Sandeep Singh



Harjap Singh



Jagbir Singh

# ਅਨੰਦਪੁਰ ਸਾਹਿਬ ਦਾ ਮਤਾ ਕੀ ਸੀ? ਜਿਹੜੀਆਂ ਮੰਗਾਂ ਤਾਮਿਲਨਾਡੂ ਮੰਗ ਰਿਹੈ ਉਹੀ ਇਸ ਮਤੇ ਵਿੱਚ ਸਨ?


ਅਜ਼ਾਦ ਭਾਰਤ ਵਿੱਚ ਜੇ ਕਿਸੇ ਖੇਤਰੀ ਏਜੰਡੇ ਨੇ ਕਦੇ ਕੌਮੀ ਸਿਆਸਤ ਦਾ ਰੁਖ਼ ਤੈਅ ਕੀਤਾ ਹੈ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 'ਅਨੰਦਪੁਰ ਸਾਹਿਬ ਦਾ ਮਤਾ' ਹੈ।ਕਾਂਗਰਸ ਪਾਰਟੀ ਨੇ 1984 ਵਿੱਚ ਸਿੱਖਾਂ ਦਾ ਕਤਲੇਆਮ ਕਰਕੇ ਦਸੰਬਰ 1984 ਦੀਆਂ ਲੋਕ ਸਭਾ ਚੋਣਾਂ 404 ਸੀਟਾਂ ਦੇ ਭਾਰੀ ਬਹੁਮਤ ਨਾਲ ਜਿੱਤੀਆਂ। ਕਾਂਗਰਸ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਦੱਸਦਿਆਂ ਦੇਸ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰੇ ਵਜੋਂ ਪੇਸ਼ ਕਰਕੇ ਇਹ ਬਹੁਮਤ ਹਾਸਲ ਕੀਤਾ ਸੀ।ਅਨੰਦਪੁਰ ਸਾਹਿਬ ਦਾ ਮਤਾ ਸਾਲ 1973 ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਪਣਾਇਆ ਪਾਲਿਸੀ ਪ੍ਰੋਗਰਾਮ ਸੀ, ਜਿਸ 'ਤੇ ਲੋਕ ਸਭਾ ਚੋਣ ਲੜੀ ਗਈ।ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ 'ਤੇ ਬਲਕਿ ਪੰਜਾਬ ਪੱਧਰ 'ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ।ਇਹ ਉਹ ਦੌਰ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀਆਂ ਮੀਟਿੰਗਾਂ ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਹੁੰਦੀਆਂ ਸਨ।ਪਾਰਟੀ ਦੀ ਵਰਕਿੰਗ ਕਮੇਟੀ ਨੇ 11 ਦਸੰਬਰ,1972 ਨੂੰ ਹੋਈ ਮੀਟਿੰਗ ਵਿੱਚ ਨਵੀਂ ਨੀਤੀ ਯਾਨੀ ਪਾਲਿਸੀ ਪ੍ਰੋਗਰਾਮ ਉਲੀਕਣ ਲਈ ਇੱਕ ਸਬ-ਕਮੇਟੀ ਦਾ ਗਠਨ ਕੀਤਾ ਸੀ।ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਇਹ ਅਜਿਹਾ ਪਹਿਲਾ ਕਦਮ ਸੀ।ਇਤਿਹਾਸ ਵਿੱਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ, ਭਾਵੇਂ ਇੱਕ ਵੇਲੇ ਸਿੱਖ ਰਾਜ ਸਤਲੁਜ ਦਰਿਆ ਤੋਂ ਖ਼ੈਬਰ ਦੱਰੇ ਅਤੇ ਤਿੱਬਤ ਤੱਕ ਫੈਲਿਆ ਹੋਇਆ ਸੀ।ਸ਼੍ਰੋਮਣੀ ਅਕਾਲੀ ਦਲ ਦੁਆਰਾ ਗਠਿਤ ਸਬ-ਕਮੇਟੀ ਦੇ ਮੁਖੀ ਪਾਰਟੀ ਦੇ ਜਨਰਲ ਸਕੱਤਰ ਤੇ ਪੇਸ਼ੇ ਵਜੋਂ ਵਕੀਲ ਸੁਰਜੀਤ ਸਿੰਘ ਬਰਨਾਲਾ ਸੀ।ਮੈਂਬਰਾਂ ਵਿੱਚ ਗੁਰਚਰਨ ਸਿੰਘ ਟੌਹੜਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਭ ਤੋਂ ਵੱਧ ਸਮਾਂ ਪ੍ਰਧਾਨ ਰਹੇ), ਜੀਵਨ ਸਿੰਘ ਉਮਰਾਨੰਗਲ, ਸਾਬਕਾ ਮੰਤਰੀ ਗੁਰਮੀਤ ਸਿੰਘ, ਡਾ. ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪ੍ਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਸਾਬਕਾ ਵਿਧਾਇਕ ਭਾਗ ਸਿੰਘ, ਰਿਟਾਇਰਡ ਮੇਜਰ ਜਨਰਲ ਗੁਰਬਖਸ਼ ਸਿੰਘ ਬੱਧਨੀ ਅਤੇ ਅਮਰ ਸਿੰਘ ਅੰਬਾਲਵੀ ਸ਼ਾਮਿਲ ਸਨ।

ਅੰਮ੍ਰਿਤਸਰ ਵਿੱਚ 23 ਦਸੰਬਰ,1972 ਨੂੰ ਹੋਈ ਅਰੰਭਤਾ ਨਾਲ ਕਮੇਟੀ ਦੀਆਂ 11 ਬੈਠਕਾਂ ਹੋਈਆਂ। ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਗੱਲ-ਬਾਤ ਤੋਂ ਬਾਅਦ ਨਵਾਂ ਨੀਤੀ ਪ੍ਰੋਗਰਾਮ ਤਿਆਰ ਕੀਤਾ ਗਿਆ।ਅਨੰਦਪੁਰ ਸਾਹਿਬ ਵਿਖੇ 16-17 ਅਕਤੂਬਰ, 1973 ਨੂੰ ਹੋਈ ਦੋ ਦਿਨਾਂ ਮੀਟਿੰਗ ਵਿੱਚ ਇਸ ਨੀਤੀ ਪ੍ਰੋਗਰਾਮ ਨੂੰ ਲਿਆਂਦਾ ਗਿਆ, ਇਸੇ ਲਈ ਇਸ ਨੂੰ 'ਅਨੰਦਪੁਰ ਸਾਹਿਬ' ਦਾ ਮਤਾ ਕਿਹਾ ਜਾਣ ਲੱਗਾ।28 ਅਗਸਤ 1977 ਨੂੰ ਅੰਮ੍ਰਿਤਸਰ ਵਿੱਚ ਹੋਈ ਪਾਰਟੀ ਦੇ ਜਨਰਲ ਹਾਊਸ ਦੀ ਮੀਟਿੰਗ ਵਿਚ ਚਰਚਾ ਤੋਂ ਬਿਨ੍ਹਾਂ ਅਪਣਾਏ ਜਾਣ ਤੱਕ ਇਹ ਨੀਤੀ ਪ੍ਰੋਗਰਾਮ ਠੰਡੇ ਬਸਤੇ ਵਿੱਚ ਪਿਆ ਰਿਹਾ।

ਇੱਥੋਂ ਤੱਕ ਕਿ ਜਨਰਲ ਹਾਊਸ ਵੱਲੋਂ ਅਪਣਾਏ ਜਾਣ ਦੇ ਬਾਵਜੂਦ ਇਸ ਨਾਲ ਹਿਲ-ਜੁਲ ਨਹੀਂ ਹੋਈ, ਜਿਸ ਤਰ੍ਹਾਂ ਬਾਅਦ ਦੇ ਸਾਲਾਂ ਵਿਚ ਹੋਈ। ਅਕਾਲੀ ਦਲ ਜੂਨ 1977 ਵਿੱਚ ਵਿਧਾਨ ਸਭਾ ਚੋਣਾਂ ਜਿੱਤ ਕੇ ਸੱਤਾ ਵਿੱਚ ਆਇਆ ਸੀ।ਪੰਜ ਸਾਲ ਬਾਅਦ ਅਨੰਦਪੁਰ ਸਾਹਿਬ ਦੇ ਮਤੇ ਦੇ 'ਰਾਜਸੀ ਨਿਸ਼ਾਨੇ' ਯਾਨੀ ਸਿਆਸੀ ਮੰਤਵ ਨੂੰ ਵੱਖਵਾਦੀ ਅਤੇ ਰਾਸ਼ਟਰ ਵਿਰੋਧੀ ਦੱਸ ਕੇ ਉਦੋਂ ਬਿਰਤਾਂਤ ਸਿਰਜਿਆ ਗਿਆ।ਜਦੋਂ ਅਕਾਲੀ ਦਲ ਨੇ 4 ਅਗਸਤ,1982 ਨੂੰ ਸ੍ਰੀ ਅਕਾਲ ਤਖ਼ਤ ਤੋਂ ਸ਼ੁਰੂ ਕੀਤੇ ਧਰਮ-ਯੁੱਧ ਮੋਰਚੇ ਦੀਆਂ ਮੰਗਾਂ ਵਿੱਚ ਇਸ ਨੂੰ ਸ਼ਾਮਲ ਕੀਤਾ।

ਅਨੰਦਪੁਰ ਸਾਹਿਬ ਦੇ ਮਤੇ ਵਿਚ ਅਕਾਲੀ ਨੇ ਜੋ ਉਦੇਸ ਮਿੱਥਿਆ ਸੀ ਉਸਦਾ ਵੇਰਵਾ ਇਸ ਤਰ੍ਹਾਂ ਹੈ-ਮਤੇ ਵਿੱਚ ਲਿਖਿਆ ਗਿਆ ਹੈ, "ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ, ਨਿਸ਼ਚਿਤ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ-ਮੰਦਰ' ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ-ਬਾਲੇ' ਹੈ।"ਇਸ ਮਤੇ ਵਿਚ ਅੱਗੇ ਲਿਖਿਆ ਗਿਆ ਹੈ, "ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"ਇਹੀ ਰਾਜਸੀ ਨਿਸ਼ਾਨਾ ਯਾਨੀ ਸਿਆਸੀ ਉਦੇਸ਼ ਸੀ ਜਿਸ ਨੂੰ ਵੱਖਵਾਦੀ ਕਹਿੰਦਿਆਂ ਨਿਸ਼ਾਨਾਂ ਬਣਾਇਆ ਗਿਆ, ਹਾਲਾਂਕਿ ਇਸ ਵਿੱਚ ਫੈਡਰਲਿਜ਼ਮ ਦੀ ਗੱਲ ਕੀਤੀ ਗਈ ਸੀ, ਪਰ ਸਿੱਖਾਂ 'ਤੇ ਖਾਸ ਜ਼ੋਰ ਦਿੱਤਾ ਗਿਆ ਸੀ।ਇਹ ਮਤਾ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਸਰਕਾਰੀਆ ਕਮਿਸ਼ਨ ਕੋਲ ਭੇਜ ਦਿੱਤਾ ਗਿਆ ਅਤੇ ਫਿਰ ਸੂਬੇ ਵਿੱਚ ਅਕਾਲੀ ਸਿਆਸਤ ਤੋਂ ਦੂਰ ਹੋ ਗਿਆ।

ਮਤੇ ਅਨੁਸਾਰ, "ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਜਾਣ ਬੁਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿੱਚੋਂ ਡਲਹੌਜ਼ੀ, ਅੰਬਾਲਾ ਜ਼ਿਲੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ,




ਨਾਲਾਗੜ੍ਹ ਦਾ 'ਦੇਸ਼' ਨਾਮੀ ਇਲਾਕਾ...,"""ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਦੇ ਹਿਸਾਰ ਜ਼ਿਲ੍ਹੇ ਦੀ ਟੋਹਾਨਾ ਸਬ-ਤਹਿਸੀਲਾਂ, ਰਤੀਆਂ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਿਸਥਾਨ ਤੇ ਗੰਗਾ ਨਗਰ ਦੇ ਜ਼ਿਲ੍ਹੇ ਦੀਆਂ ਛੇ ਤਹਿਸੀਲਾਂ ਅਤੇ...""" ਇਹਨਾਂ ਦੇ ਨਾਲ ਲਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇੱਕੋ ਇੰਤਜ਼ਾਮੀਆ ਇਕਾਈ ਬਣ ਜਾਣ, ਜਿਸ ਵਿੱਚ ਸਿੱਖੀ ਤੇ ਸਿੱਖਾਂ ਦੇ ਹਿਤ ਵਿਸ਼ੇਸ਼ ਸੁਰਖਿਅਤ ਰਹਿਣ।"

ਹਾਲਾਂਕਿ ਇਸ ਮਤੇ ਵਿੱਚ ਪ੍ਰਭਾਸ਼ਿਤ ਫੈਡਰਲਿਜ਼ਮ ਦੇ ਮਾਪਦੰਡ, ਸੂਬਿਆਂ ਦੀ ਖੁਦਮੁਖਤਿਆਰੀ ਦੇ ਸੰਦਰਭ ਵਿੱਚ ਅਹਿਮ ਹਨ।ਇਹ ਮਤਾ ਕੇਂਦਰ ਅਤੇ ਸੂਬਿਆਂ ਦੇ ਅਧਿਕਾਰ ਖੇਤਰ ਅੰਦਰ ਖੇਤਰਾਂ ਦੀਆਂ ਹੱਦਾਂ ਪ੍ਰਭਾਸ਼ਿਤ ਕਰਦਾ ਹੈ।"ਇਸ ਨਵੇਂ ਪੰਜਾਬ ਤੇ ਦੇਸ ਦੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖ਼ਲ ਕੇਵਲ ਮੁਲਕ ਦੇ ਡਿਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ, ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ।"

"ਇਨ੍ਹਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨੈਂਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ਵਿਚ ਆਪਣੇ ਨੁਮਾਇੰਦਿਆ ਦੀ ਗਿਣਤੀ ਦੇ ਤਨਾਸਬ ਅਨੁਸਾਰ ਖੁਦ ਆਪ ਹੀ ਅਦਾ ਕੀਤਾ ਕਰੇ।" "ਪੰਜਾਬੋਂ ਬਾਹਰ ਵਸਣ ਵਾਲੀ ਸਿੱਖ ਵੱਸੋਂ ਅਤੇ ਹੋਰ ਧਾਰਮਿਕ ਘਟ-ਗਿਣਤੀਆਂ ਦੀ ਮੁਅਸਰ ਤਹੱਫ਼ਜ਼ਾਰ(ਸੁਰਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।" "ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿੱਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।"

ਇਸ ਤਰ੍ਹਾਂ ਇਹ ਮਤਾ 'ਖਾਲਸਾ ਜੀ ਦੇ ਬੋਲ-ਬਾਲੇ' ਦੇ ਸੰਦਰਭ ਵਿਚ ਸਿਰਫ਼ ਫੈਡਰਲ ਢਾਂਚੇ ਦੀ ਮਜ਼ਬੂਤੀ ਅਤੇ ਸੂਬੇ ਦੀ ਖੁਦਮੁਖਤਿਆਰੀ ਦੀ ਗੱਲ ਕਰਦਾ ਹੈ, ਜੋ ਕਿ ਮਦਰਾਸ (ਅੱਜ ਕੱਲ੍ਹ ਤਾਮਿਲ ਨਾਡੂ) ਸੂਬੇ ਦੀ ਵੀ ਮੰਗ ਰਹੀ ਹੈ।

ਦਿਲਚਸਪ ਗੱਲ ਇਹ ਹੈ ਕਿ, ਆਰਥਿਕ ਨੀਤੀ ਸਬੰਧੀ ਇਸ ਮਤੇ ਦੇ ਹਿੱਸੇ ਸਮਕਾਲੀ ਵੇਲਿਆਂ ਦੇ ਸੰਦਰਭ ਵਿੱਚ ਅਗਾਂਹਵਧੂ ਸੀ, ਸ਼੍ਰੋਮਣੀ ਅਕਾਲੀ ਦਲ ਦੇ ਸਮਾਜਿਕ ਭਲਾਈ ਸਟੇਟ ਵਜੋਂ ਦਾਰਸ਼ਿਨਕਤਾ 'ਤੇ ਚਾਨਣ ਪਾਉਂਦੇ ਸੀ।ਮਤੇ ਦੇ ਇਸ ਹਿੱਸੇ ਬਾਰੇ ਜ਼ਿਆਦਾ ਚਰਚਾ ਨਹੀਂ ਹੋਈ ਹੈ।ਸ਼੍ਰੋਮਣੀ ਅਕਾਲੀ ਦਲ ਇਹ ਮੰਨਦਾ ਹੈ ਕਿ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਅਮੀਰ ਅਤੇ ਗਰੀਬ ਵਿਚਾਲੇ ਦਾ ਵਧ ਰਿਹਾ ਅੰਤਰ ਘਟਾਇਆ ਜਾਵੇ। ਹਾਲਾਂਕਿ, ਪਾਰਟੀ ਦੀ ਇਹ ਰਾਏ ਹੈ ਕਿ ਪਹਿਲੀ ਸੱਟ ਵਿੱਤੀ ਤਾਕਤ ਦੀ ਲਗਾਮ ਧੱਕੇ ਨਾਲ ਆਪਣੇ ਹੱਥਾਂ ਵਿੱਚ ਫੜੀ ਬੈਠੇ ਧਨਾਢਾਂ 'ਤੇ ਹੋਵੇ।ਪੇਂਡੂ ਖੇਤਰਾਂ ਵਿੱਚ ਅਕਾਲੀ ਦਲ ਕਮਜ਼ੋਰ ਵਰਗਾਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਭੌਂ-ਰਹਿਤ ਲੋਕਾਂ, ਮਜ਼ਦੂਰਾਂ ਅਤੇ ਗਰੀਬ ਤੇ ਮੱਧ ਵਰਗੀ ਕਿਸਾਨਾਂ ਦੀ ਮਦਦ ਲਈ ਦ੍ਰਿੜ੍ਹ ਹੈ।ਇਸ ਮੰਤਵ ਲਈ, ਭੌਂ-ਸੁਧਾਰਾਂ ਦੀ ਵਕਾਲਤ ਕਰਦਾ ਹੈ, ਜਿਨ੍ਹਾਂ ਮੁਤਾਬਕ ਹੱਦਬੰਦੀ ਨੂੰ 30 ਏਕੜ ਪ੍ਰਤੀ ਪਰਿਵਾਰ ਦੇ ਲਿਹਾਜ਼ ਨਾਲ ਪੱਕਾ ਨਿਯਤ ਕੀਤਾ ਜਾਵੇ ਅਤੇ ਵਾਧੂ ਜ਼ਮੀਨ ਗਰੀਬ ਕਿਸਾਨਾਂ ਵਿੱਚ ਵੰਡੀ ਜਾਵੇ।ਅਕਾਲੀ ਦਲ ਦਾ ਮੰਤਵ ਹਰ ਕਿਸੇ ਲਈ ਰੁਜ਼ਗਾਰ ਮੁਹੱਈਆ ਕਰਵਾਉਣਾ, ਸਭ ਲਈ ਭੋਜਨ ਤੇ ਕੱਪੜੇ ਅਤੇ ਰਹਿਣ ਨੂੰ ਘਰ, ਅਨੁਕੂਲ ਆਵਾਜਾਈ ਅਤੇ ਇਕ ਚੰਗੇ ਜੀਵਨ ਲਈ ਲੋੜਾਂ ਪੂਰੀਆਂ ਕਰਨ ਲਈ ਸਾਧਨ ਤਿਆਰ ਕਰਨੇ, ਜਿਨ੍ਹਾਂ ਬਿਨ੍ਹਾਂ ਜ਼ਿੰਦਗੀ ਅਧੂਰੀ ਹੈ।

ਇਹ ਮਤਾ ਪੂਰੇ ਰੁਜ਼ਗਾਰ ਅਤੇ ਬੇਰੁਜ਼ਗਾਰਾਂ ਦੇ ਹਰ ਵਰਗ ਲਈ ਭੱਤੇ, 65 ਸਾਲ ਤੋਂ ਵਧ ਉਮਰ ਵਾਲਿਆਂ ਦੀ ਬੁਢਾਪਾ ਪੈਨਸ਼ਨ, ਵਿਗਿਆਨ ਅਤੇ ਤਕਨੀਕੀ ਸਿੱਖਿਆ ਤੇ ਖਾਸ ਧਿਆਨ ਨਾਲ ਦਸਵੀਂ ਜਮਾਤ ਤੱਕ ਮੁਫ਼ਤ ਤੇ ਲਾਜ਼ਮੀ ਸਿੱਖਿਆ ਤੇ ਜ਼ੋਰ ਦਿੰਦਾ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਮਤੇ ਨੂੰ ਆਪਣੇ ਏਜੰਡੇ ਵਜੋਂ ਇਹ ਕਹਿੰਦਿਆਂ ਅਪਣਾਇਆ ਸੀ ਕਿ ਇਹ ਮੰਗਾਂ ਉਨ੍ਹਾਂ ਦੀਆਂ ਨਹੀਂ, ਅਕਾਲੀ ਦਲ ਦੀਆਂ ਹਨ ਅਤੇ ਉਹ ਦੇਖਣਗੇ ਕਿ ਪਾਰਟੀ ਸਰਕਾਰ ਨਾਲ ਸਮਝੌਤਾ ਕਰਕੇ ਇਨ੍ਹਾਂ ਮੰਗਾਂ ਤੋਂ ਪਿੱਛੇ ਨਾ ਹਟ ਜਾਵੇ।ਹਾਲਾਂਕਿ ਉਹ ਇਸ ਮਤੇ ਦੇ ਇੱਕ ਬਿੰਦੂ ਦਾ ਹਵਾਲਾ ਦਿੰਦਿਆਂ ਲੋਕਾਂ ਨੂੰ ਹਥਿਆਰਬੰਦ ਹੋਣ ਲਈ ਕਹਿੰਦੇ ਸੀ ਅਤੇ ਪੁਲਿਸ ਦੇ ਲਾਈਸੈਂਸ ਬਾਰੇ ਪੁੱਛਣ 'ਤੇ ਇਹ ਮਤਾ ਦਿਖਾਉਣ ਲਈ ਕਹਿੰਦੇ ਸੀ।ਮਤੇ ਦਾ ਉਹ ਬਿੰਦੂ ਕਹਿੰਦਾ ਹੈ, "ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤ੍ਰੀ ਜਾਂ ਪੁਰਸ਼ ਲਈ ਜਿਸ ਨੂੰ ਕਿਸੇ ਇਖਲਾਕੀ ਜੁਰਮ ਵਿੱਚ ਅਦਾਲਤ ਵੱਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ।" "ਛੋਟੇ ਸ਼ਸਤਰ ਰਿਵਾਲਵਰ, ਬੰਦੂਕਾਂ, ਪਿਸਤੌਲ, ਰਾਈਫ਼ਲ ਤੇ ਕਾਰਬਾਈਨ ਆਦਿ ਰੱਖਣ ਦੀ ਪੂਰੀ ਖੁੱਲ੍ਹ ਹੋਵੇ ਤੇ ਕੋਈ ਲਾਈਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟ੍ਰੇਸ਼ਨ ਚਾਹੀਦੀ ਹੋਵੇ।"

ਕਾਂਗਰਸ ਨੇ ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ, ਓਪਰੇਸ਼ਨ ਬਲੂ ਸਟਾਰ ਅਤੇ 31 ਅਕਤੂਬਰ ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਤੁਰੰਤ ਬਾਅਦ ਹੋਈਆਂ 1984 ਦੀਆਂ ਲੋਕ ਸਭਾ ਚੋਣਾਂ ਲੜੀਆਂ।ਪਾਰਟੀ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਰਾਸ਼ਟਰ-ਵਿਰੋਧੀ ਤੇ ਵੱਖਵਾਦੀ ਵਿਚਾਰ ਵਜੋਂ ਪੇਸ਼ ਕਰਕੇ ਬਹੁਮਤ ਹਾਸਿਲ ਕੀਤਾ।

ਇਹ ਮਤਾ ਲੋਕ ਸਭਾ ਚੋਣਾਂ ਦੇ ਤਿੰਨ ਮਹੀਨਿਆਂ ਅੰਦਰ ਰਾਜੀਵ-ਲੌਂਗੋਵਾਲ ਪੰਜਾਬ ਸਮਝੌਤੇ ਵਿੱਚ ਮੁੜ ਉੱਠਿਆ ਅਤੇ ਇਸ ਸਬੰਧੀ ਬਿੰਦੂ ਮੁਤਾਬਕ, ਸ਼੍ਰੋਮਣੀ ਅਕਾਲੀ ਦਲ ਕਹਿੰਦਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਹੈ।ਇਹ ਕੇਂਦਰ ਤੇ ਸੂਬਿਆਂ ਦੇ ਸੰਬੰਧਾਂ ਨੂੰ ਇਸ ਤਰ੍ਹਾਂ ਪ੍ਰਭਵਾਸ਼ਿਤ ਕਰਦਾ ਹੈ ਤਾਂ ਜੋ ਇਕਸਾਰ ਭਾਰਤੀ ਸੰਵਿਧਾਨ ਮੁਤਾਬਕ ਤੈਅ ਸਹੀ ਫੈਡਰਲ ਢਾਂਚਾ ਲਿਆਂਦਾ ਜਾ ਸਕੇ।ਇਸ ਮਤੇ ਦਾ ਮੰਤਵ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧਿਆਨ ਵਿੱਚ ਰੱਖਦਿਆਂ ਸੂਬਿਆਂ ਨੂੰ ਖੁਦਮੁਖਤਿਆਰੀ ਦੁਆਉਣਾ ਹੈ, ਕਿਉਂਕਿ ਅਨੇਕਤਾਵਾਂ ਵਿੱਚ ਏਕਤਾ ਹੀ ਸਾਡੇ ਦੇਸ਼ ਨੂੰ ਬਣਾਉਂਦੀ ਹੈ।

ਅੱਗੇ ਲਿਖਿਆ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਕੇਂਦਰ ਅਤੇ ਸੂਬਿਆਂ ਦੇ ਆਪਸੀ ਰਿਸ਼ਤਿਆਂ ਬਾਰੇ ਗੱਲ ਕਰਦਾ ਹੈ ਅਤੇ ਸਰਕਾਰੀਆ ਕਮਿਸ਼ਨ ਨੂੰ ਭੇਜਿਆ ਜਾਂਦਾ ਹੈ।ਇਸ ਸਮਝੌਤੇ ਉੱਤੇ ਦਸਤਖ਼ਤ ਤੋਂ ਬਾਅਦ ਇਹ ਮਤਾ ਅਕਾਲੀ ਸਿਆਸਤ ਦੇ ਪ੍ਰਸੰਗ ਵਿੱਚੋਂ ਹੌਲੀ-ਹੌਲੀ ਗਾਇਬ ਹੋ ਗਿਆ।

# ਸ਼ੇਰ ਦਾ ਪੁੱਤ

ਕਹਿੰਦੇ ਜੰਮਦਿਆਂ ਹੀ ਕਿਤੇ ਭੇਡਾਂ ਵਿਚ ਗੁਆਚ ਗਿਆ। ਸੰਗਤ ਦਾ ਅਸਰ ਤਾਂ ਹੋਣਾ ਹੀ ਸੀ। ਘਾਹ ਚਰਨ ਤੋਂ ਲੈ ਕੇ ਮਿਆਂਕਣ ਤੀਕ ਸਭ ਹਰਕਤਾਂ ਭੇਡਾਂ ਵਾਲੀਆਂ। ਬਾਹਰੋਂ ਭੁਖ ਦੇ ਮਾਰੇ ਬੁੱਢੇ ਜਿਹੇ ਸ਼ੇਰ ਨੇ ਇਕ ਦਿਨ ਭੇਡਾਂ ਉਪਰ ਹਮਲਾ ਕਰ ਦਿਤਾ ਪਰ ਇਧਰਲੇ ਸ਼ੇਰ ਜੀ ਹੋਰੀਂ ਭੇਡਾਂ ਤੋਂ ਵੀ ਮੂਹਰੇ ਲਾ ਅੱਡੀਆਂ ਨੂੰ ਥੁਕ ਗਏ। ਹਮਲਾਵਰ ਸ਼ੇਰ ਨੂੰ ਬੜਾ ਗੁਸਾ ਚੜਿਆ ਕਿ ਮਾੜੀ ਮੋਟੀ ਵੀ ਠੂਹ ਠਾਹ ਨਹੀ ਕੀਤੀ ਅਗਿਓਂ ਪਤਾ ਤਾਂ ਕਰਾਂ ਇਹ ਕਾਹਦਾ ਸ਼ੇਰ ਹੈ । ਉਸ ਭੇਡਾਂ ਨੂੰ ਛਡ ਸ਼ੇਰ ਜਾ ਢਾਹਿਆ।ਉਲੂ ਦਿਆ ਪਠਿਆ ਸ਼ੇਰ ਹੋ ਕੇ ਲੜਿਆ ਕਾਹਤੋਂ ਨਹੀ ਓਏ। ਇਓਂ ਦੌੜੇ ਜਾਂਦੇ ਸ਼ਰਮ ਨਹੀ ਆਈ? ਓਹ ਹੇਠਾਂ ਚੀਕਾਂ ਮਾਰਦਾ ਕਰੀ ਜਾਵੇ ਮਾਪਿਓ ਮੈਂ ਕੋਈ ਸ਼ੇਰ ਵੇਰ ਨਹੀ ਰਬ ਦਾ ਵਾਸਤਾ ਮੈਨੂੰ ਬਖਸ਼ ਦਿਓ। ਭੁਲੇਖਾ ਲਗ ਗਿਆ ਥੋਨੂੰ ਮੈਂ ਵੀ ਇਹਨਾ ਚੋਂ ਹੀ ਹਾਂ ਛਡ ਦਿਓ ਪਲੀਜ।ਇਸ ਹਾਸੋ ਹੀਣੀ ਕਹਾਣੀ ਦਾ ਅੰਤ ਤੁਹਾਨੂੰ ਪਤੈ ਪਰ ਸੰਗਤ ਦਾ ਅਸਰ ਜਾਨਵਰ ਵੀ ਕਬੂਲਦੇ ਨੇ।ਅੰਮ੍ਰਿਤਪਾਲ ਨੇ ਤਾਂ ਅਵਾਜ ਮਾਰੀ ਸੀ ਕਿ ਓਏ ਦੌੜੇ ਕਾਹਤੋਂ ਜਾਨੇ ਸ਼ੇਰ ਬਣਾਇਆ ਥੋਨੂੰ ਗੁਰਾਂ ਨੇ ਤੁਸੀਂ ਭੇਡਾਂ ਨਹੀ। ਸਿਰ ਧਰ ਤਲੀ ਗਲੀ ਮੇਰੀ ਆਓ। ਖੜੋ ਤਾਂ ਸਹੀ ਸਿਧੇ ਹੋ ਕੇ।ਤਾਂ ਸਾਡੇ ਵਾਲੀਆਂ ਗਿਆਨਵਾਨਾਂ ਚੁਕ ਅਸਮਾਨ ਸਿਰ ਤੇ ਦਿਤਾ। ਇਹ ਮਰਵਾਊ ਪੁਤ ਮਾਵਾਂ ਦੇ। ਹੁਣ ਨਹੀ ਬਚਦੇ। ਬਸ ਗਏ ਕਿ ਗਏ। ਓਏ ਭਾਊ ਅਸੀਂ ਕੋਈ ਸ਼ੇਰ ਵੇਰ ਨਹੀ ਬਖਸ਼ ਦੇਹ ਸਾਨੂੰ, ਜਿਓ ਲੈਣ ਦੇਹ ਚਾਰ ਦਿਨ। ਇਹ ਸਿਰ ਵਿਰ ਜਿਹੇ ਦਾ ਰੌਲਾ ਕਾਹਨੂੰ ਆਣ ਪਾਇਆ ਅਸੀਂ ਚੰਗੇ ਭਲੇ ਸਿਰ ਵਰਤੀ ਤਾਂ ਜਾਣ ਡਹੇ ਹਾਂ।ਹਿੰਦੂ ਨੇ ਤਾਂ ਡਰਾਉਣਾ ਹੀ ਸੀ ਸਾਡੇ ਵਾਲੇ ਹੀ ਡਰਾਈ ਜਾਂਦੇ ਕਿ ਪਤਾ ਨਹੀ 84 ਵੇਲੇ ਕੀ ਹੋਇਆ ਸੀ।ਗਿਟਿਆਂ ਵਿਚ ਡੋਰੀਆਂ, ਗੁਟਾਂ ਉਪਰ ਧਾਗੇ, ਗਲ ਵਿਚ ਤਬੀਤ, ਮਥਿਆਂ ਉਪਰ ਟਿਕੇ, ਥਾਲੀਆਂ ਕੌਲੇ ਘੁੰਮਾਈ ਫਿਰਦੇ, ਚਾਨਣ ਯਾਣੀ ਸੂਰਜ ਮੂਹਰੇ ਹੀ ਦੀਵੀਆਂ ਬਾਲੀ ਫਿਰਦੇ ਨਿਆਣਿਆਂ ਸਿਆਣਿਆਂ ਨੂੰ ਦਸਣਾਂ ਤਾਂ ਇਹ ਸੀ ਕਿ ਭੇਡਾਂ ਦੀਆਂ ਹਰਕਤਾਂ ਵਾਲਿਓ ਤੁਸੀਂ ਹਰੀ ਸਿੰਘ ਨਲੂਏ, ਜਸਾ ਸਿੰਘ ਆਹਲੂਵਾਲੀਏ, ਬਾਬਾ ਅਜੀਤ ਸਿੰਘ ਜੁਝਾਰ ਸਿੰਘ ਦੇ ਵਾਰਸ ਹੋਂ ਉਲਟਾ ਗਿਆਨ ਦੇ ਨਾਂ ਤੇ ਓਸ਼ੋ ਦੀਆਂ ਕਿਤਾਬਾਂ ਨੂੰ ਰਟਾ ਲਾ ਕੇ ਦਸਣ ਤੁਰ ਪਏ ਕਿ ਸੰਭੋਗ ਵਿਚੋਂ ਸ਼ਾਂਤੀ ਕਿਵੇਂ ਆਓਂਦੀ। ਕੁਤੇ ਅਤੇ ਤੋਤੇ ਪਾਲਣ ਦੇ ਕੀ ਗੁਣ ਨੇ।ਭੇਡਾਂ ਵਿਚ ਗੁਆਚੇ ਸ਼ੇਰ ਨੂੰ ਜਦ ਨਦੀ ਦੇ ਪਾਣੀ ਵਿਚਦੀ ਸ਼ਿਕਾਰੀ ਸ਼ੇਰ ਨੇ ਉਸ ਦਾ ਮੂੰਹ ਦਿਖਾਇਆ ਤਾਂ ਓਹ ਮਾਰ ਭਬਕ ਉਠਿਆ ਕਿ ਮੈਂ ਵਾਕਿਆ ਹੀ ਸ਼ੇਰ ਸਾਂ ਅਤੇ ਯਾਦ ਰਖਣਾ ਸ਼ੇਰ ਹਮੇਸ਼ਾਂ ਹਮਲਾਵਰ ਹੁੰਦਾ ਨਾ ਕਿ ਹਥ ਜੋੜੀ ਖੜਾ ਕਿ ਮੈਨੂੰ ਬਖਸ਼ ਦਿਓ। ਨਹੀ?

-ਗੁਰਦੇਵ ਸਿੰਘ ਸੱਧੇਵਾਲੀਆ








# TOOR LANDSCAPING & FENCE

## RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $240 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

# iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

## ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

**604.760.1732, 604.442-1571**

# ਸੰਦਲ ਰੈਨੋਵੇਸ਼ਨ

Your's Complete Home Renovation

- ਫਰੇਮਿੰਗ
- ਡਰਾਈਵਾਲ
- ਪੇਂਟਿੰਗ
- ਟਾਈਲਜ਼
- ਲੈਮੀਨੇਟ
- ਇਲੈਕਟ੍ਰੀਕਲ
- ਪਲਬਿੰਗ
- ਕਾਰਪੈਟ
- ਰੂਫਿੰਗ ਦਾ ਕੰਮ
- ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ : 604-725-6270**

# HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।ਅਸੀਂ ਕਸਟਮਮੇਡ ਘਰ ਵੀ ਬਣਾ ਕੇ ਦਿੰਦੇ ਹਾਂ।



Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Jagveer: 236-515-4532**


# DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

# ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

# BT LINE PAINTING CO.

ਟੇਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

# Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




**Sanjeev Dhir 778.320.9413**

sanjeevkumarsk52@gmail.com

# HOME IMPROVEMENT

## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



MANJIT

CLASS "A" CERTIFIED & LICENCED ELECTRICIANS

## SINGH RAJ

RENOVATION CO.



We noticed your house needs minor repair
Unsure ofyourhousehold fixtures?
Just to replace or repair? **Get it Done Today!**
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261


## Ambrosia Renovation


Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.



We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate
ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਮਹੀਨਾਵਾਰ ਕਵੀ ਦਰਬਾਰ ਹੋਇਆ





ਸਰੀ (ਹਰਚੰਦ ਸਿੰਘ ਅੱਚਰਵਾਲ)ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰ੍ਹੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ 30 ਅਕਤੂਬਰ 2022 ਦਿਨ ਐਤਵਾਰ ਨੂੰ ਓਪਰਲੇ ਖਚਾਖਚ ਭਰੇ ਹਾਲ ਵਿੱਚ ਠੀਕ 12.30 ਵਜੇ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਸਜਿਆ। ਜਿੰਨ੍ਹਾ ਕਵੀਆਂ ਨੇ ਭਾਗ ਲਿਆ, ਓਹਨਾ ਵਿੱਚ ਦਰਸ਼ਨ ਸਿੰਘ ਅਟਵਾਲ, ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਗੁਰਮੀਤ ਕਾਲਕਟ, ਬਲਬੀਰ ਸਿੰਘ ਸੰਘਾ, ਗੁਰਦਰਸ਼ਨ ਸਿੰਘ ਤਾਤਲਾ ਤੇ ਮਨਜੀਤ ਸਿੰਘ ਮੱਲਾ, ਰਵਿੰਦਰ ਕੋਰ ਬੈਂਸ, ਦਵਿੰਦਰ ਕੋਰ ਜੋਹਲ, ਬਲਬੀਰ ਸਿੰਘ ਸਹੋਤਾ, ਅਵਤਾਰ ਕੋਰ ਸਹੋਤਾ, ਤਜਿੰਦਰ ਕੋਰ ਬੈਂਸ, ਪਵਿੱਤਰ ਕੋਰ ਬਰਾੜ, ਸੁਰਜੀਤ ਸਿੰਘ ਗਿੱਲ ਆਦਿ ਕਵੀਆਂ ਨੇ ਖੂਬ ਰੰਗ ਬੰਨ੍ਹਿਆ। ਸਟੇਜ ਸਕੱਤਰ ਦੀ ਜਿੰਮੇਵਾਰੀ ਹਰਚੰਦ ਸਿੰਘ ਗਿਲੱ ਨੇ ਨਿਭਾਈ। ਅੰਤ ਵਿਚੱ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਵਿਸ਼ੇਸ ਤੋਰ ਤੇ ਅਪੀਲ ਕੀਤੀ ਕਿ ਅੱਗੇ ਤੋ ਹਰ ਮਹੀਨੇ ਦੇ ਆਖਰੀ ਐਤਵਾਰ ਕਵੀ ਦਰਬਾਰ ਠੀਕ 12.30 ਵਜੇ ਸੁਰੂ ਹੋ ਜਾਇਆ ਕਰੇਗਾ। ਚਾਹ ਪਾਣੀ ਦੀ ਸੇਵਾ ਸੁਰਜੀਤ ਸਿੰਘ ਬਾਸੀ ਵੱਲੋ ਕੀਤੀ ਗਈ। ਸਾਰਾ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ। ਇਸਤੋ ਉਪਰੰਤ 31 ਅਕਤੂਬਰ ਦਿਨ ਸੋਮਵਾਰ ਨੂੰ ਓਪਰਲੇ ਖਚਾਖਚ ਭਰੇ ਹਾਲ ਵਿੱਚ ਸੀਨੀਅਰ ਸੈਂਟਰ ਦੇ ਸਾਰੇ ਮੈਬਰਾ ਦਾ ਸਾਲਾਨਾ ਜਨਰਲ ਇਜਲਾਸ ਹੋਇਆਂ ਜਿਸਦੇ ਵਿੱਚ ਖਜ਼ਾਨਚੀ ਸ: ਅਵਤਾਰ ਸਿੰਘ ਢਿੱਲੋ ਨੇ ਸਾਲ ਭਰ ਦਾ ਆਮਦਨ-ਖਰਚ ਦਾ ਵੇਰਵਾ ਵਿਸਥਾਰ ਨਾਲ ਪੜਕੇ ਸੁਣਾਇਆ। ਉਪਰੰਤ ਵਖ-ਵਖ ਮੈਬਰਾਂ ਨੇ ਆਪਣੇ-ਆਪਣੇ ਸੁਝਾਅ ਪੇਸ਼ ਕੀਤੇ ਜਿੰਨਾ ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਧਾਨ ਸ: ਹਰਪਾਲ ਸਿੰਘ ਨੇ ਸਾਰਿਆਂ ਦਾ ਅੰਤ ਵਿੱਚ ਧੰਨਵਾਦ ਕੀਤਾ ਅਤੇ ਚੋਣਾ ਸੰਬੰਧੀ ਵੀ ਵਖ-ਵਖ ਵਿਚਾਰਾ ਤੇ ਵੀ ਵਿਚਾਰ ਕੀਤਾ ਗਿਆ।

# ਕਿਵੇਂ ਲੁੱਟਦੇ ਨੇ ਡਾਕਟਰ?



ਕਾਲੀ ਕਮਾਈ ਦੇ ਤਰੀਕੇ ਖਤਮ ਹੋਣੇ ਚਾਹੀਦੇ ਹਨ, ਨੋਟਬੰਦੀ ਦੀ ਕੀ ਲੋੜ ਹੈ? ਮੈਂ ਇੱਕ ਡਾਕਟਰ ਹਾਂ, ਇਸ ਲਈ "ਸਾਰੇ ਇਮਾਨਦਾਰ ਡਾਕਟਰਾਂ ਤੋਂ ਮੁਆਫੀ ਮੰਗਦਾ ਹਾਂ...!"

1. ਦਿਲ ਦਾ ਦੌਰਾ ਪੈ ਗਿਆ ਹੈ...ਡਾਕਟਰ ਕਹਿੰਦਾ ਹੈ - ਸਟ੍ਰੈਪਟੋਕਿਨੇਜ਼ ਦਾ ਟੀਕਾ ਲਗਵਾਓ...9,000/=ਰੁ....* ਟੀਕੇ ਦੀ ਅਸਲ ਕੀਮਤ 700/= ਹੈ - 900/= ਰੁਪਏ.., ਪਰ ਇਸ 'ਤੇ੍ਰਫ 9,000/= ਹੈ!* ਤੁਸੀਂ ਕੀ ਕਰੋਗੇ?

2.. ਟਾਈਫਾਈਡ ਹੋ ਗਿਆ... ਡਾਕਟਰ ਨੇ ਲਿਖਿਆ - * ਕੁੱਲ 14 ਮੋਨੋਸੇਫ ਲਏ ਜਾਣਗੇ! ਹੋਲ ਸੇਲ ਕੀਮਤ ਹੈ 25/=... ਹਸਪਤਾਲ ਦਾ ਕੈਮਿਸਟ ਤੁਹਾਨੂੰ 53/= ਰੁਪਏ ਦਿੰਦਾ ਹੈ...* ਤੁਸੀਂ ਕੀ ਕਰੋਗੇ?

3. ਕਿਡਨੀ ਫੇਲ ਹੋ ਗਈ ਹੈ..,ਡਾਇਲਿਸਿਸ ਹਰ ਤੀਜੇ ਦਿਨ ਕੀਤਾ ਜਾਂਦਾ ਹੈ..,ਡਾਇਲਿਸਿਸ ਤੋਂ ਬਾਅਦ ਟੀਕਾ ਲਗਾਇਆ ਜਾਂਦਾ ਹੈ -ਤੁਸੀਂ ਪੂਰੇ ਹਿੰਦੁਸਤਾਨ ਵਿੱਚ ਖੋਜ ਕਰੋ, ਤੁਹਾਨੂੰ ਇਹ ਕਿਧਰੇ ਨਹੀਂ ਮਿਲੇਗਾ... ਕਿਉਂ? ਕੰਪਨੀ ਸਿਰਫ ਅਤੇ ਸਿਰਫ ਡਾਕਟਰ ਨੂੰ ਸਪਲਾਈ ਕਰਦੀ ਹੈ !!ਇਸ ਇੰਜੈਕਸ਼ਨ ਦੀ ਅਸਲ ਕੀਮਤ 500/= ਹੈ, ਪਰ ਡਾਕਟਰ ਆਪਣੇ ਹਸਪਤਾਲ ਵਿਚ 1,800/= ਵਿਚ ਦਿੰਦਾ ਹੈ... ਤੁਸੀਂ ਕੀ ਕਰੋਗੇ?

4..... ਇਨਫੈਕਸ਼ਨ ਹੋ ਗਈ ਹੈ.., ਡਾਕਟਰ ਨੇ ਜੋ ਐਂਟੀਬਾਇਓਟਿਕ ਲਿਖਿਆ ਹੈ, ਉਹ 540/= ਰੁਪਏ ਦਾ ਹੈ, ਪਰ ਓਸਲ ਕੀਮਤ 150 ਰੁਪਏ ਹੈ?

5. ਬਾਜ਼ਾਰ ਵਿੱਚ * ਅਲਟਰਾਸਾਊਂਡ ਟੈਸਟ 750/= ਰੁਪਏ ਵਿੱਚ ਕੀਤਾ ਜਾਂਦਾ ਹੈ ਡਾਕਟਰ ਦਾ ਕਮਿਸ਼ਨ 300 ਹੈ। ਪਰ ਚੈਰੀਟੇਬਲ ਡਿਸਪੈਂਸਰੀ 240/= ਵਿੱਚ ਕਰਵਾਉਂਦੀ ਹੈ!

ਡਾਕਟਰਾਂ ਤੇ ਹਸਪਤਾਲਾਂ ਦੀ ਇਹ ਲੁੱਟ, ਇਹ ਨੰਗਾ ਨਾਚ, ਨਿਡਰ, ਨਿਡਰ ਹੋ ਰਿਹਾ ਹੈ ਸਾਡੇ ਦੇਸ਼ ਵਿੱਚ!

* ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੀ ਲਾਬੀ ਇੰਨੀ ਮਜ਼ਬੂਤ ਹੈ ਕਿ ਇਸ ਨੇ ਸਿੱਧੇ ਤੌਰ 'ਤੇ ਦੇਸ਼ ਨੂੰ ਬੰਧਕ ਬਣਾ ਲਿਆ ਹੈ! ਡਾਕਟਰਾਂ ਅਤੇ ਦਵਾਈਆਂ ਦੀਆਂ ਕੰਪਨੀਆਂ ਰਲੀਆਂ ਹੋਈਆਂ ਹਨ! ਇਹ ਦੋਵੇਂ ਮਿਲ ਕੇ ਸਰਕਾਰ ਨੂੰ ਬਲੈਕਮੇਲ ਕਰਦੇ ਹਨ...!!

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਮੀਡੀਆ ਦਿਨ ਰਾਤ ਕੀ ਦਿਖਾਉਂਦਾ ਹੈ?

